ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਵਿਦਿਯਕ

ਪਹਿਲੀ ਪੋਥੀ

ਲੇਖਕ : ਮਾ. ਨਿਹਾਲ ਸਿੰਘ ਬੀ. ਏ.

ਪ੍ਰਕਾਸ਼ਕ :-

ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆ[illegible]

ਸ੍ਰੀ ਜੀਵਨ ਨਗਰ

ਕੀਮਤ : ੨-੫੦

Namdhari Elibrary   NamdhariElibrary@gmail.com

ਚੌਥੀ ਵਾਰ ੧੧੦੦

ਛਾਪਕ :—
ਆਈ. ਐਸ. ਪ੍ਰਾਸ਼ਰ
ਦਸਤਕਾਰ ਵੀਕਲੀ ਪ੍ਰੈਸ
50-ਆਰ, ਇੰਡਸਟਰੀਅਲ ਏਰੀਆ ਬੀ,
ਲੁਧਿਆਣਾ-141003.
ਫੂਨ : 31590

NamdhariElibrary NamdhariElibrary@gmail.com



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਸੂਚੀ

Namdhari Elibrary NamdhariElibrary@gmail.com

NamdhariElibrary NamdhariElibrary@gmail.com

ਦੋ ਸ਼ਬਦ

ਪੂਰਬੀਅਤ ਦੇ ਆਲਮ ਬ੍ਰਦਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਭਾਰਤ ਦੇ ਨੌ-ਜਵਾਨਾਂ ਤੇ ਖਾਸ ਕਰਕੇ ਪੜ੍ਹੇ ਲਿਖੇ ਸਜਣਾ ਵਿਚ ਵਧ ਰਹੀ ਨਾਸਤਕਤਾ ਨੂੰ ਵੇਖਕੇ ਬੜੇ ਹੀ ਸੋਚ ਵਿਚ ਪੈ ਜਾਂਦੇ ਸਨ, ਅਤੇ ਬਚਨ ਕੀਤਾ ਕਰਦੇ ਸਨ, ਕਿ ਇਸ ਵੇਗ ਨੂੰ ਕਿਵੇਂ ਠਲਿਆ ਜਾਵੇ। ਉਹ ਚਾਹੁੰਦੇ ਸਨ ਕਿ ਮੇਰੇ ਦੇਸ਼ ਦੇ ਨੌ-ਜਵਾਨ, ਧਰਮੀ, ਪਰਉਪਕਾਰੀ ਸਾਹਸੀ ਦੇਸ਼ ਭਗਤ ਤੇ ਸੂਰਮੇ ਹੋਣ। ਇਸਦਾ ਆਪ ਇਕੋ ਇਕ ਹੱਲ ਦਸਿਆ ਕਰਦੇ ਸਨ ਕਿ ਵਿਦਿਆ ਦੇ ਢਾਂਚੇ ਨੂੰ ਬਦਲਿਆ ਜਾਵੇ। ਵਿਦਿਆਰਥੀਆਂ ਨੂੰ ਉਹ ਪੁਸਤਕਾਂ ਪੜ੍ਹਨ ਵਾਸਤੇ ਦਿਤੀਆਂ ਜਾਣ, ਜਿਨ੍ਹਾਂ ਵਿਚ ਧਰਮ ਅਤੇ ਪਰ-ਉਪਕਾਰ ਦੇ ਪਾਠ ਹੋਣ।

ਉਨ੍ਹਾਂ ਦਾ ਪਵਿਤਰ ਉਪਦੇਸ਼ ਸੁਣ, ਦਾਸ ਨੇ ਇਹ ਲੜੀ ਅਰੰਭ ਦਿਤੀ। ਪਤਾ ਨਹੀਂ ਮੈਂ ਕਿਥੋਂ ਤਕ ਸਫਲ ਹੋਇਆ ਹਾਂ ਇਹ ਪਾਠਕ ਜਨ ਨਿਰਨਾਂ ਕਰਨ। ਵੈਸੇ ਪੂਜਯ ਮਹਾਰਾਜ ਬੀਰ ਸਿੰਘ ਜੀ ਜਿਹੜੇ ਆਪਣੇ ਗੁਰ ਪਿਤਾ ਦੇ ਅੱਖਰ ਅੱਖਰ ਤੇ ਚਲਣ ਦੇ ਚਾਹਵਾਨ ਹਨ, ਅਤੀ ਰੁਝੇਵੇਂ ਦੇ ਹੁੰਦਿਆਂ ਹੋਇਆ ਇਸ ਨਕਾਰੇ ਉਦਮ ਨੂੰ ਪੜ੍ਹਨ ਦੀ ਕਿਰਪਾਲਤਾ ਕੀਤੀ ਅਤੇ ਬੜੇ ਨੇਕ ਸੁਲਝਾਉ ਦਿਤੇ। ਮੈਂ ਉਨ੍ਹਾਂ ਦਾ ਅਤੀ ਰਿਣੀ ਹਾਂ।

Namdhari Elibrary NamdhariElibrary@gmail.com

ਇਸ ਪੋਥੀ ਵਿਚ ਬਚਿਆਂ ਦੀ ਬੁਧੀ ਅਨੁਸਾਰ ਵਾਕ ਛੋਟੇ, ਸਾਖੀਆਂ ਛੋਟੀਆਂ ਤੇ ਸੁਖੈਨ ਸ਼ਬਦਾਂ ਦਾ ਵਰਤੋਂ ਕੀਤੀ ਹੈ। ਨਵੇਂ ਸ਼ਬਦ ਪਾਠ ਦੇ ਅਰੰਭ ਵਿਚ, ਅਤੇ ਔਖੇ ਸ਼ਬਦਾਂ ਨੂੰ ਅੰਤ ਵਿਚ ਦਿਤਾ ਹੈ। ਵਿਦਿਆਰਥੀਆਂ, ਨੂੰ ਧਿਆਨ ਨਾਲ ਪੜ੍ਹਨ ਦੇ ਆਸ਼ੇ ਨੂੰ ਮੁਖ ਰਖਦਿਆਂ, ਹਰ ਪਾਠ ਪਿਛੋਂ ਪ੍ਰਸ਼ਨਾਵਲੀ ਦਿਤੀ ਗਈ ਹੈ।

ਪੂਜਯ ਮਹਾਰਾਜ ਬੀਰ ਸਿੰਘ ਜੀ ਇਸ ਪੁਸਤਕ ਨੂੰ ਫੇਰ ਛਾਪਣ ਦੀ ਆਗਿਆ ਬਖਸ਼ੀ ਹੈ, ਮੈਂ ਅਤੀ ਧਨਵਾਦੀ ਹਾਂ। ਦਸਤਕਾਰ ਪ੍ਰੈਸ, ਲੁਧਿਆਣਾ ਦੇ ਪ੍ਰਬੰਧਕਾਂ ਦਾ ਵੀ ਧਨਵਾਦ ਕੀਤੇ ਬਿਨਾਂ ਨਹੀਂ ਰਹਿਆ ਜਾ ਸਕਦਾ ਜਿਨ੍ਹਾਂ ਬੜੇ ਪ੍ਰੇਮ ਨਾਲ ਪੁਸਤਕ ਛਾਪਕੇ ਪਾਠਕਾਂ ਹੱਥ ਪਹੁੰਚਾਇਆ ਹੈ।

-ਮਾ: ਨਿਹਾਲ ਸਿੰਘ

Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ !

ਠਾਕੁਰ ਕ੍ਰਿਪਾ ਘਨੇਰੇ ਭਗਵੰਤ।

ਸਮਗਰੀ ਆਗਿਆ ਕੁਰਬਾਨੀ।

ਤੂ ਠਾਕੁਰ ਤੁਮ ਪਹਿ ਅਰਦਾਸਿ।
ਜੀਉ ਪਿੰਡੁ ਸਭੁ ਤੇਰੀ ਰਾਸਿ।
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।
ਕੋਇ ਨ ਜਾਨੈ ਤੁਮਰਾ ਅੰਤੁ।
ਊਚੇ ਤੇ ਊਚਾ ਭਗਵੰਤੁ।
ਸਗਲ ਸਮਗ੍ਰੀ ਤੁਮਰੈ ਸੂਤਰਿ ਧਾਰੀ।
ਤੁਮਤੇ ਹੋਇ ਸੁ ਆਗਿਆ ਕਾਰੀ।
ਤੁਮਰੀ ਗਤਿ ਮਿਤਿ ਤੁਮਹੀ ਜਾਨੀ।
ਨਾਨਕ ਦਾਸ ਸਦਾ ਕੁਰਬਾਨੀ।

ਅਭਿਆਸ

ਭਗਵੰਤ-ਅਕਾਲ ਪੁਰਖ।

ਸਮਗ੍ਰੀ-ਸਾਮਾਨ, ਧਨ ਦੌਲਤ।

ਘਨੇਰ-ਬਹੁਤੇ।

(੧) ਇਸ ਸ਼ਬਦ ਵਿਚ ਮਾਤਾ ਪਿਤਾ ਕਿਸਨੂੰ ਕਿਹਾ ਗਿਆ ਹੈ ?

(੨) ਬਾਲਕ ਇਸ ਸ਼ਬਦ ਨੂੰ ਜ਼ਬਾਨੀ ਕੰਠ ਕਰਨ।

NamdhariElibrary NamdhariElibrary@gmail.com

ਕੋਮਲ ਹਿਰਦਾ

ਮਖਮਲ, ਹਰਿਗੋਬਿੰਦ ਗਹਿਮਾ-ਗਹਿਮ

ਸਵੇਰ ਦਾ ਸਮਾ ਸੀ। ਠੰਢੀ ਠੰਢੀ ਪੌਣ ਚਲ ਰਹੀ ਸੀ। ਪੰਛੀ ਹਵਾ ਵਿਚ ਤਾਰੀਆਂ ਲਾ ਰਹੇ ਸਨ। ਰੁਖ ਬਿਰਖ ਝੂਮ ਰਹੇ ਸਨ। ਹਰੀ ਘਾਹ ਮਖਮਲ ਵਾਂਗੂ ਵਖਾਈ ਦੇ ਰਹੀ ਸੀ।

ਇਕ ਦਿਨ ਗੁਰੂ ਹਰਗੋਬਿੰਦ ਸਾਹਿਬ ਬਾਗ ਦੀ ਸੈਰ ਕਰ ਰਹੇ ਸਨ। ਉਨ੍ਹਾਂ ਦੇ ਪੋਤੇ ਹਰਿ ਰਾਇ ਵੀ ਉਨ੍ਹਾਂ ਦੇ ਨਾਲ ਸਨ। ਬਾਗ ਵਿਚ ਬੜੀ ਗਹਿਮਾ ਗਹਿਮ ਸੀ। ਰੰਗ ਬਰੰਗੇ ਫੁਲ ਮਨ ਨੂੰ ਬੜੇ ਚੰਗੇ ਲਗਦੇ ਸਨ।

ਗੁਰੂ ਜੀ ਸੈਰ ਕਰਦੇ ਕਰਦੇ ਅਗੇ ਨਿਕਲ ਗਏ। ਹਰਿ ਰਾਏ ਜੀ ਪਿਛੇ ਰਹਿ ਗਏ। ਉਨ੍ਹਾਂ ਦੇ ਚੋਗੇ ਨਾਲ ਅੜ ਕੇ ਇਕ ਫੁਲ ਟੁਟ ਗਿਆ। ਬੱਚੇ ਦਾ ਦਿਲ ਬੜਾ ਕੋਮਲ ਸੀ। ਫੁਲ ਕੀ ਟੁਟਿਆ ਉਨ੍ਹਾਂ ਦਾ ਦਿਲ ਹੀ ਟੁਟ ਪਿਆ। ਪੈਰ ਉਥੇ ਹੀ ਰੁਕ ਗਏ। ਬੜਾ ਚਿਰ ਉਦਾਸ ਖਲੋਤੇ ਰਹੇ। ਗੁਰੂ ਜੀ ਸੈਰ ਕਰਦੇ ਮੁੜੇ।

ਗੁਰੂ ਜੀ:- ਕਾਕਾ ਕੀ ਗਲ ਏ ਏਥੇ ਕਿਉਂ ਖੜਾ ਹੈਂ?

ਹਰਿ ਰਾਏ :- ਗ਼ਰੀਬ ਨਿਵਾਜ਼ ਜੀ! ਮੇਰੇ ਚੋਗੇ ਨਾਲ ਅੜ ਕੇ ਫੁਲ ਡਿਗ ਪਿਆ ਹੈ। ਸੋਚ ਰਿਹਾ ਹਾਂ, ਉਹ ਮਾਂ ਤੋਂ ਵਿਛੜ ਕੇ ਕਿਵੇਂ ਸੁਖ ਪਾਵੇਗਾ।

Namdhari Elibrary NamdhariElibrary@gmail.com

ਗੁਰੂ ਜੀ :- ਕਾਕਾ ! ਹੈ ਤਾਂ ਠੀਕ। ਫੂਲ ਟਾਹਣੀ ਨਾਲ ਹੁਣ ਨਹੀਂ ਲਗ ਸਕਦਾ। ਤੂੰ ਅਪਣਾ ਚੋਗਾ ਸਾਂਭ ਕੇ ਤੁਰਿਆ ਕਰ।

ਹਰਿ ਰਾਏ ਜੀ :- ਸਤਿ ਬਚਨ ਪਿਤਾ ਜੀ! ਭੁਲ ਹੋ ਗਈ। ਖਿਮਾ ਕਰੋ।

ਬਾਲਕੋ ! ਇਹ ਬਾਲਕ ਸਾਡੇ ਸੱਤਵੇਂ ਗੁਰੂ ਸਨ। ਕਹਿੰਦੇ ਹਨ, ਗੁਰੂ ਜੀ ਜਦ ਤਕ ਵੀ ਸੰਸਾਰ ਵਿਚ ਦੇਹ ਕਰਕੇ ਰਹੇ, ਅਪਣਾ ਚੋਗਾ, ਦੋਹਾਂ ਹੱਥਾਂ ਨਾਲ ਫੜੀ ਰਖਿਆ। ਢਿਲਾ ਨਹੀਂ ਹੋਣ ਦਿਤਾ।

ਸੁਹਣੇ ਫੂਲ ਤੇ ਦਿਲ ਸੋਹਣੇ ਨੂੰ,
ਬੀਬਾ ਕਦੀ ਨ ਢਾਈਂ।
ਸੁਹਣਿਆਂ ਦੇ ਸੁਲਤਾਨ ਗੁਰੂ ਜੀ,
ਇਹ ਸੁਹਣੀ ਗਲ ਦਰਸਾਈ।

ਕੋਮਲ-ਨਰਮ। ਗਹਿਮਾ ਗਹਿਮ-ਰੌਣਕ।

ਅਭਿਆਸ

(੧) ਹਰਿ ਰਾਏ ਜੀ ਫੂਲ ਨੂੰ ਟੁਟਿਆ ਵੇਖ ਕਿਉਂ ਉਦਾਸ ਹੋ ਗਏ?

(੨) ਗੁਰੂ ਜੀ ਨੇ ਕੀ ਸਿਖਿਆ ਦਿਤੀ?

(੩) ਹਰਿ ਰਾਇ ਜੀ, ਉਸ ਸਿਖਿਆ ਤੇ ਕਿਥੋਂ ਤਕ ਪੂਰੇ ਉਤਰੇ।

(੪) ਵਾਕ ਬਣਾਓ : ਕੋਮਲ, ਗਹਿਮਾ ਗਹਿਮ, ਉਦਾਸ।

Namdhari Elibrary NamdhariElibrary@gmail.com

ਪੜ੍ਹੋ-ਅਮਲ ਕਰੋ

ਯੁਧਿਸਟਰ	ਧਰਮਾਤਮਾ	ਸ਼ਕਾਇਤ
ਸਮਝ	ਨਾਰਾਜ਼	ਜ਼ਿੰਦਗੀ

ਬਾਲਕੋ ! ਪਾਂਡਵਾਂ ਵਿਚੋਂ ਯੁਧਿਸਟਰ ਬੜਾ ਚੰਗਾ ਸੀ। ਉਹ ਸਦਾ ਸੱਚ ਬੋਲਦਾ ਸੀ । ਉਹ ਬੜਾ ਧਰਮਾਤਮਾ ਸੀ। ਉਸ ਨੂੰ ਸਾਰੇ ਸਿਆਣਾ ਜਾਣਦੇ ਸਨ। ਉਸਨੂੰ ਧਰਮ ਪੁਤਰ ਵੀ ਆਖਦੇ ਸਨ।

ਜਦੋਂ ਉਹ ਬੱਚਾ ਸੀ, ਤਾਂ ਮਾਤਾ ਪਿਤਾ ਨੇ ਵਿਦਿਆਲੇ ਭੇਜਿਆ। ਪੜ੍ਹਦਿਆਂ ਪੜ੍ਹਦਿਆਂ ਪਾਠ ਆਇਆ, ਕਰੋਧ ਨਾ ਕਰੋ। ਯੁਧਿਸਟਰ ਪਾਠ ਪੜ੍ਹ ਕੇ ਥਾਂ ਤੇ ਜਾ ਬੈਠਾ।

ਉਹ ਦੂਜੇ ਦਿਨ ਪਾਠਸ਼ਾਲਾ ਗਿਆ। ਵਿਦਿਆ-ਗੁਰੂ ਨੇ ਬੁਲਾਇਆ ਤੇ ਆਖਿਆ। ਕਾਕਾ ! ਪਾਠ ਸੁਣਾ !! ਯੁਧਿਸਟਰ ਚੁਪ ਰਿਹਾ। ਮੂੰਹੋਂ ਕੁਝ ਨ ਬੋਲਿਆ। ਉਸਤਾਦ ਨੇ ਦੂਜੀ ਵਾਰੀ ਆਖਿਆ, ਉਹ ਫ਼ੇਰ ਵੀ ਚੁਪ ਰਿਹਾ। ਉਸਤਾਦ ਨੂੰ ਗੁਸਾ ਆ ਗਿਆ ਤੇ ਇਕ ਚੁਪੇੜ ਮੂੰਹ ਤੇ ਮਾਰੀ।

ਅਗਲੇ ਰੋਜ਼ ਫੇਰ ਯੁਧਿਸਟਰ ਅਪਣੇ ਉਸਤਾਦ ਪਾਸ ਚੁਪ ਚਾਪ ਖਲੋਤਾ ਰਿਹਾ। ਵਿਦਿਆ-ਗੁਰੂ ਨੇ ਉਸ ਦੀ ਸ਼ਕਾਇਤ ਉਸਦੇ ਪਿਤਾ ਪਾਸ ਕੀਤੀ। ਯੁਧਿਸਟਰ ਉਸ ਪਾਸ ਵੀ ਚੁਪ ਚਾਪ ਖਲੋਤਾ ਰਿਹਾ। ਪਿਤਾ ਨੇ ਇਕ ਦੋ ਚਪੇੜਾਂ ਮਾਰ ਦਿਤੀਆਂ, ਪਰ ਯੁਧਿਸਟਰ ਬਿਲਕੁਲ ਅਡੋਲ ਰਿਹਾ।

Namdhari Elibrary NamdhariElibrary@gmail.com

ਜਦੋਂ ਸਾਰੇ ਮਾਰ ਕੁਟ ਕੇ ਥਕ ਗਏ ਤਾਂ ਯੁਧਿਸਟਰ ਬੋਲਿਆ, ਪਿਤਾ ਜੀ ! ਮੇਰਾ ਪਾਠ ਯਾਦ ਹੋ ਗਿਆ ਹੈ। ਪਿਤਾ ਨੇ ਕਿਹਾ ਸੁਣਾਓ ! ਕਰੋਧ ਨਾ ਕਰੋ। ਯੁਧਿਸਟਰ ਫਰਰ ਫਰਰ ਪੜ੍ਹ ਦਿਤਾ।

ਪਿਤਾ : ਪੁਤਰ ਤੂੰ ਪਹਿਲਾਂ ਕਿਉਂ ਨਾ ਸੁਣਾਇਆ ? ਇਹ ਕੋਈ ਔਖਾ ਸੀ ?

ਪੁਤਰ :- ਨਹੀਂ ਪਿਤਾ ਜੀ ! ਔਖਾ ਨਹੀਂ ਸੀ, ਪਰ ਮੈਂ ਅਜ਼ਮਾਕੇ ਵੇਖਣਾ ਸੀ ਕਿ ਕਰੋਧ ਆਉਂਦਾ ਵੀ ਹੈ ਕਿ ਨਹੀਂ। ਹੁਣ ਇਹ ਪਾਠ ਮੇਰੇ ਮਨ ਤੇ ਬੈਠ ਗਿਆ ਹੈ ਹੁਣ ਪਾਠ ਨਹੀਂ ਭੁਲਦਾ।

ਪਿਤਾ : ਸ਼ਾਬਾਸ਼ ! ਬੇਟਾ ਸ਼ਾਬਾਸ਼ !! ਵਿਦਿਆਰਥੀ ਹੋਵੇ ਤਾਂ ਐਸਾ ਤੂੰ ਬੜਾ ਚੰਗਾ ਬਣੇਂਗਾ।

ਯੁਧਿਸਟਰ ਨੇ ਪਿਤਾ ਨੂੰ ਮੱਥਾ ਟੇਕਿਆ ਤੇ ਮੁੜ ਪਾਠਸ਼ਾਲਾ ਜਾ ਪਾਠ ਸੁਣਾਇਆ। ਮਾਸਟਰ ਬੜਾ ਖੁਸ਼ ਹੋਇਆ ਤੇ ਪਿੱਠ ਤੇ ਥਾਪ ਦਿਤੀ।

-; o ;-

ਧਰਮਾਤਮਾ-ਭਲਾ ਪੁਰਸ਼।
ਇਹ ਪਾਠ ਮੇਰੇ ਮਨ ਤੇ ਬੈਠ ਗਿਆ ਹੈ।
ਇਹ ਪਾਠ ਮੈਨੂੰ ਯਾਦ ਹੋ ਗਇਆ ਹੈ।

ਅਭਿਆਸ

(੧) ਯੁਧਿਸਟਰ ਚੁਪ ਕਿਉਂ ਰਿਹਾ ?
(੨) ਵਿਦਿਆਰਥੀ ਕੈਸਾ ਹੋਣਾ ਚਾਹੀਦਾ ਹੈ ?
(੩) ਇਸ ਵਾਰਤਾ ਨੂੰ ਆਪਣੇ ਸ਼ਬਦਾਂ ਵਿਚ ਸੁਣਾਓ।

Namdhari Elibrary NamdhariElibrary@gmail.com

ਲੁਕਣ ਮੀਟੀ

ਸਿਰਜਨਹਾਰ ਪਵਿੱਤਰ ਗਿਆਨੀ ਢੂੰਢਣ ਤੱਤ ਗੈਬੀ

ਦਿਸਦਾ ਅਣ-ਦਿਸਦਾ ਸਦਾ ਸੰਸਾਰ,
ਦਿਸਦਾ ਹੈ ਇਕ ਸਿਰਜਨ ਹਾਰ। ੧।
ਸਭਨਾ ਅੰਦਰ ਡੇਰਾ ਲਾ,
ਬੈਠਾ ਅਪਨਾ ਆਪ ਛਿਪਾ। ੨।
ਜੋਗੀ ਉਸਨੂੰ ਲਭਦੇ ਫਿਰਦੇ,
ਕੀਤ ਜਿਨ੍ਹਾਂ ਪਵਿੱਤਰ ਹਿਰਦੇ। ੩।
ਜਪੀ ਤਪੀ ਵੀ ਢੂੰਡਣ ਸਾਰ,
ਗੈਬੀ ਲਭਦੇ ਫਿਰਨ ਨਜਾਰੇ। ੪।
ਗਿਆਨੀ ਕਰਦੇ ਫਿਰਨ ਗਿਆਨ,
ਧਿਆਨੀ ਲਾਵਣ ਰੋਜ਼ ਧਿਆਨ। ੫।
ਪਰ ਵਿਰਲੇ ਨੂੰ ਹੁਏ ਦਿਦਾਰ,
ਬੇੜਾ ਉਸਦਾ ਹੋਵੇ ਪਾਰ। ੬।
ਦੁਨੀਆ ਉਸਦੀ ਲੁਕਣ ਮਿਚਾਈ,
ਉਸਨੇ ਹੈ, ਇਕ ਖੇਡ ਬਣਾਈ। ੭।
ਜਿਹੜਾ ਇਸਦਾ ਜਾਣੇ ਤੱਤ,
ਜਾਣੋਂ ਉਸਨੂੰ ਆਈ ਮੱਤ। ੮।

ਸਿਰਜਨ ਹਾਰ-ਬਨਾਉਣ ਵਾਲਾ, ਅਕਾਲ ਪੁਰਖ।
ਬੜਾ ਪਾਰ ਹੋ ਜਾਣਾ-ਮੁਕਤ ਹੋ ਜਾਣਾ।
ਤੱਤ-ਅਸਲੀਅਤ।
ਬਾਲਕ ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਨ।

Namdhari Elibrary NamdhariElibrary@gmail.com

ਸੂਬੇਦਾਰ ਤੇ ਮਿਹਰ

ਸਪਾਹੀਆਂ　　　　ਕਾਨ੍ਹ ਸਿੰਘ　　　　ਗਿਣਤੀ

ਸਤਿਗੁਰੂ ਰਾਮ ਸਿੰਘ ਜੀ ਸਿੱਖ ਰਾਜ ਸਮੇਂ ਲਾਹੌਰ ਗਏ। ਉਦੋਂ ਉਹ ਜਵਾਨ ਸਨ। ਉਹ ਫੌਜ ਵਿਚ ਭਰਤੀ ਹੋ ਗਏ। ਆਪ ਭਜਨ ਵੀ ਕਰਦੇ ਨਾਲੇ ਦੂਜੇ ਸਪਾਹੀਆਂ ਪਾਸੋਂ ਵੀ ਭਜਨ ਕਰਾਉਂਦੇ। ਫੌਜ ਦਾ ਸੂਬੇਦਾਰ ਸ੍ਰ. ਕਾਨ੍ਹ ਸਿੰਘ ਸੀ। ਉਸ ਤੇ ਉਨ੍ਹਾਂ ਦੀ ਖਾਸ ਮਿਹਰ ਸੀ।

ਇਕ ਦਿਨ ਸੱਚੇ ਪਾਤਸ਼ਾਹ ਬਾਹਰ ਗਏ। ਨਾਲ ਹੀ ਕਾਨ੍ਹ ਸਿੰਘ ਗਿਆ। ਗਲਾਂ ਬਾਤਾਂ ਕਰਦੇ ਦੂਰ ਚਲੇ ਗਏ। ਡੇਰਿਓਂ ਦੂਰ ਚਲੇ ਗਏ। ਰਾਤ ਵਡੀ ਹੋ ਗਈ। ਸੂਬੇਦਾਰ ਨੂੰ ਖਿਆਲ ਆਇਆ, ਮੈਂ ਤਾਂ ਫੌਜ ਦੀ ਗਿਣਤੀ ਲੈਣੀ ਹੈ। ਬੜਾ ਫਿਕਰ ਹੋਇਆ। ਅਰਜ਼ ਕੀਤੀ, ਪਾਤਸ਼ਾਹ ! ਮੈਂ ਤੇ ਨੌਕਰੀ ਤੇ ਜਾਣਾ ਸੀ। ਗਿਣਤੀ ਕਰਨੀ ਸੀ। ਤੁਹਾਡੇ ਬਚਨਾਂ ਮੈਨੂੰ ਨੇ ਮਸਤਾਨਾ ਬਨਾਈ ਰਖਿਆ। ਹੁਣ ਮੈਨੂੰ ਸਰਕਾਰੋਂ ਪੁਛ ਹੋਵੇਗੀ।

ਸਤਿਗੁਰਾਂ ਬਚਨ ਕੀਤਾ, ਸੂਬੇਦਾਰਾ ! ਭਲਾ ਕੰਮ ਕਰਦਿਆਂ, ਕਦੇ ਪੁਛ ਨਹੀਂ ਹੁੰਦੀ। ਸਤਿਗੁਰ ਆਪ ਸਹਾਇਤਾ ਕਰਦਾ ਹੈ। ਪਾਤਸ਼ਾਹ ਕਿਵੇਂ ਜਾਵਾਂ ? ਸੂਬਦਾਰ ਅਰਜ਼ ਕੀਤੀ।

'ਸੂਬੇਦਾਰਾ ! ਮੀਟ ਅੱਖਾਂ।' ਸੂਬੇਦਾਰ ਅੱਖਾਂ ਮੀਟ ਲਈਆਂ।

'ਸੂਬੇਦਾਰਾ ਖੋਲ੍ਹ ਅਖਾਂ।'

Namdhari Elibrary　　NamdhariElibrary@gmail.com

ਸੂਬੇਦਾਰ ਅੱਖਾਂ ਖੋਲੀਆਂ । ਕੀ ਵੇਖਦਾ ਹੈ। ਜੰਗਲ ਨਹੀਂ ਫੌਜ ਵਿਚਾਲੇ ਖੜਾ ਹੈ ।

ਸੂਬੇਦਾਰ ਨੇ ਫੌਜ ਨੂੰ ਆਪਣੇ ਆਪਣੇ ਕੈਂਪ ਵਿਚ ਜਾਣ ਦੀ ਆਗਿਆ ਦਿਤੀ ਫੌਜ ਆਪਣੇ ਆਪਣੇ ਟਿਕਾਣੇ ਚਲੀ ਗਈ। ਚੁਪ ਚਾਪ ਵਰਤ ਗਈ।

ਸੂਬੇਦਾਰ ਨੂ ਨੀਂਦ ਕਿਥੇ ? ਘੜੀ ਮੁੜੀ ਉਹੋ ਨਜ਼ਾਰਾ ਅੱਖਾਂ ਅਗੇ ਆਵੇ । ਸਤਿਗੁਰਾਂ ਦੇ ਬਚਨ ਕੰਨਾਂ ਵਿਚ ਗੂੰਜਣ-ਭਲਾ ਕੰਮ ਕਰਦਿਆਂ ਕਦੇ ਪੁਛ ਨਹੀਂ ਹੁੰਦੀ। ਸਤਿਗੁਰ ਆਪ ਸਹਾਇਤਾ ਕਰਦਾ ਹੈ।

-: o :-

ਸਹਾਇਤਾ-ਮਦਦ ।

ਫੌਜ ਦੀ ਗਿਣਤੀ ਕਰਨੀ-ਫੌਜੀਆਂ ਦੀ ਹਾਜਰੀ ਲੈਣੀ।

ਪ੍ਰਸ਼ਨ

(੧) ਸੂਬੇਦਾਰ ਨੂੰ ਫਿਕਰ ਕਿਉਂ ਲਗਾ ?

(੨) ਸੂਬੇਦਾਰ ਕਿਵੇਂ ਫੌਜ ਵਿਚ ਪਹੁੰਚ ਗਿਆ ?

(੩) ਸੂਬੇਦਾਰ ਨੂੰ ਕੀ ਨਿਸਚਾ ਹੋਇਆ ?

Namdhari Elibrary NamdhariElibrary@gmail.com

ਝਾਂਸੀ ਦੀ ਰਾਣੀ

ਅੰਗਰੇਜ਼ ਲਕਸ਼ਮੀ ਬਹਾਦੁਰੀ

ਬਾਲਕੋ ! ਇਕ ਸਮਾਂ ਆਇਆ। ਭਾਰਤ ਵਿਚ ਫੁਟ ਪੈ ਗਈ। ਭਰਾ ਭਰਾ ਵਿਚ ਫੁਟ ਪੈ ਗਈ। ਦੇਸ਼ ਗੁਲਾਮ ਹੋ ਗਿਆ। ਦੇਸ਼ ਬੜਾ ਦੁਖੀ ਹੋਇਆ।

ਪਹਿਲਾਂ ਮੁਸਲਮਾਨ ਆਏ। ਫੇਰ ਅੰਗਰੇਜ ਆਏ। ਸਿੱਖ ਗੁਰੂਆਂ ਜੁਲਮ ਦੇ ਵਿਰੁਧ ਧਰਮ ਸਥਾਪਨ ਕਰਨ ਅਤੇ ਅਜ਼ਾਦੀ ਵਾਸਤੇ ਲੜਾਈਆਂ ਲੜੀਆਂ। ਦੇਸ਼ ਨੂੰ ਸਮਝ ਆ ਗਈ। ਦੇਸ਼ ਭਗਤ ਉਠ ਖੜੋਤੇ। ਦੇਸ਼ ਭਗਤਾਂ ਜਾਨਾਂ ਵਾਰੀਆਂ।

ਸੌ ਸਾਲ ਤੋਂ ਪਹਿਲਾਂ ਅੰਗਰੇਜ਼ਾਂ ਨੂੰ ਕਢਣ ਵਾਸਤੇ ਇਕ ਹੱਲਾ ਕੀਤਾ। ਉਨ੍ਹਾਂ ਵਿਚ ਇਕ ਰਾਣੀ ਗਵਾਲੀਅਰ ਦੀ ਸੀ। ਉਸ ਦਾ ਨਾਂ ਸੀ ਲਕਸ਼ਮੀ ! ਲਕਸ਼ਮੀ ਝਾਂਸੀ ਦੀ ਰਾਣੀ ਸੀ।

ਇਸ ਦੇਵੀ ਮਰਦਾਂ ਵਾਲੇ ਕਪੜੇ ਪਾ ਲਏ। ਪੁਤਰ ਨੂੰ ਪਿੱਠ ਨਾਲ ਬੰਨ ਲਿਆ। ਹੱਥ ਵਿਚ ਤਲਵਾਰ ਫੜ ਲਈ। ਇਹ ਦੇਵੀ ਬੜੀ ਬਹਾਦੁਰੀ ਨਾਲ ਲੜੀ।

ਰਾਣੀ ਦੇ ਕਈ ਸਾਥੀ ਲੜਾਈ ਵਿਚ ਮਾਰੇ ਗਏ। ਇਸ ਦਿਲ ਨਾ ਛਡਿਆ। ਇਹ ਇਕਲੀ ਲੜਦੀ ਗਈ। ਪਰ ਇਕ ਇਕ ਹੀ ਹੁੰਦਾ ਹੈ।

Namdhari Elibrary NamdhariElibrary@gmail.com

ਅੰਗਰੇਜ਼ਾਂ ਦੀ ਫੌਜ ਵਡੀ ਸੀ। ਇਹ ਬੜੀ ਦੇਰ ਤਕ ਲੜਦੀ ਰਹੀ। ਆਖਰ ਲੜਦੀ ਲੜਦੀ ਦੇਸ਼ ਖਾਤਰ ਜਾਨ ਤੇ ਖੇਡ ਗਈ।

ਉਹੋ ਮਰਦ, ਉਹੋ ਹੈ ਨਾਰੀ !
ਖਾਤਰ ਦੇਸ਼, ਜਾਨ ਜਿਨ੍ਹ ਵਾਰੀ !

ਅਭਿਆਸ

(੧) ਦੇਸ਼ ਕਿਉਂ ਗੁਲਾਮ ਹੋ ਗਿਆ ?

(੨) ਰਾਣੀ ਦੀ ਬਹਾਦੁਰੀ ਅਪਣੇ ਸ਼ਬਦਾਂ ਵਿਚ ਵਰਨਣ ਕਰੋ।

(੩) ਖਾਲੀ ਥਾਵਾਂ ਪੁਰ ਕਰੋ।

ਉਹੋ............ਉਹੋ.......... ...ਨਾਰੀ,
ਖਾਤਰ.........ਜਾਨ ਜਿਸ..........।

Namdhari Elibrary NamdhariElibrary@gmail.com

ਦਿਸ਼ਾਵਾਂ

ਪੂਰਬ ਪੱਛਮ ਦੱਖਣ ਉੱਤਰ

ਚੜ੍ਹਦਾ ਲਹਿੰਦਾ ਪਹਾੜ

ਬਾਲਕੋ ! ਆਓ ਅਜ ਤੁਹਾਨੂੰ ਦਿਸ਼ਾਵਾਂ ਦਸੀਏ। ਦਿਸ਼ਾਵਾਂ ਵਡੀਆਂ ਵਡੀਆਂ ਚਾਰ ਹਨ। ਚੜ੍ਹਦਾ, ਲਹਿੰਦਾ. ਦੱਖਣ, ਪਹਾੜ। ਵੇਖੋ ! ਇਨ੍ਹਾਂ ਨੂੰ ਜਾਨਣ ਦਾ ਢੰਗ ਬੜਾ ਸੌਖਾ ਹੈ।

ਸਵੇਰੇ ਉਠੋ। ਜਿਸ ਪਾਸਿਉਂ ਸੂਰਜ ਨਿਕਲੇ, ਉਸ ਪਾਸੇ ਮੂੰਹ ਕਰਕੇ ਖੜੇ ਹੋ ਜਾਓ। ਜਿਧਰੋਂ ਸੂਰਜ ਨਿਕਲਦਾ ਹੈ, ਉਸ ਪਾਸੇ ਨੂੰ ਚੜ੍ਹਦਾ ਆਖਦੇ ਹਨ। ਜਿਸ ਪਾਸੇ ਸੂਰਜ ਡੁਬਦਾ ਹੈ, ਉਸ ਪਾਸੇ ਨੂੰ ਲਹਿੰਦਾ ਆਖਦੇ ਹਨ।

ਸੂਰਜ ਨਿਕਲਣ ਵਾਲੇ ਪਾਸੇ ਮੂੰਹ ਹੋਵੇ ਤਾਂ ਸਜੇ ਹੱਥ ਨੂੰ ਦੱਖਣ ਹੁੰਦਾ ਹੈ। ਖੱਬੇ ਪਾਸੇ ਨੂੰ ਪਹਾੜ। ਜ ਤੁਸੀਂ ਸੂਰਜ ਛਿਪਦੇ ਵਲ ਮੂੰਹ ਕਰਕੇ ਖਲੋਵੋ ਤਾਂ ਉਹ ਪਾਸਾ ਲਹਿੰਦਾ ਹੋਵੇਗਾ। ਤੁਹਾਡੀ ਪਿੱਠ ਪਿਛੇ ਚੜ੍ਹਦਾ ਹੋਵੇਗਾ। ਤੁਹਾਡੇ ਸੱਜੇ ਹੱਥ ਪਹਾੜ ਤੇ ਖੱਬੇ ਹੱਥ ਦੱਖਣ।

ਚੜ੍ਹਦੇ ਨੂੰ ਪੂਰਬ ਵੀ ਆਖਦੇ ਹਨ। ਲਹਿੰਦੇ ਨੂੰ ਪੱਛਮ। ਪਹਾੜ ਨੂੰ ਉੱਤਰ ਕਰਕੇ ਬੋਲਦੇ ਹਨ ਦਿਸ਼ਾਂ ਦੇ ਜਾਨਣ ਨਾਲ ਅਸੀਂ ਪਤਾ ਕਰ ਸਕਦੇ ਹਾਂ, ਕਿ ਅਸੀਂ ਕਿਥੇ ਹਾਂ, ਤੇ ਕੌਣ ਕਿਸ ਕਿਸ ਪਾਸੇ ਰਹਿਦਾ ਹੈ।

Namdhari Elibrary NamdhariElibrary@gmail.com

ਅਭਿਆਸ

ਖਾਲੀ ਥਾਵਾਂ ਪੁਰ ਕਰੋ ।

੧. ਜਿਧਰੋਂ……ਨਿਕਲੇ ਉਸ ਪਾਸੇ ਨੂੰ …..ਆਖਦੇ ਹਨ ।

੨. ਜਿਸ ਪਾਸੇ ਸੂਰਜ….. ਹੈ ਉਸਨੂੰ….. ਆਖਦੇ ਹਨ ।

NamdhariElibrary NamdhariElibrary@gmail.com

ਸਾਡਾ ਵਿਦਿਆਲਾ

ਵਿਦਿਆਲਾ ਗਿਆਨ-ਮੁਨਾਰੇ ਲੜਿੱਕੇ ਧੁਜਾ

ਓਹ ਵਿਦਿਆਲਾ ਨਦੀ ਕਨਾਰੇ।
ਜੀਵਨ ਸੰਤ ਨਗਰ ਵਿਚਕਾਰੇ।
ਨਿੱਕੇ ਨਿੱਕੇ ਸਾਥੀ ਸਾਰੇ।
ਬਾਲ ਉਮਰ ਦੇ ਲੈਣ ਹੁਲਾਰੇ।
ਜਿਥੋਂ ਉੱਚੀ ਵਿਦਿਆ ਪਾਕੇ।
ਜੱਗ ਨੂੰ ਕਰੀਏ ਰੋਸ਼ਨ ਜਾਕੇ।
ਕਿਧਰੇ ਬਣੀਏ ਗਿਆਨ ਮੁਨਾਰੇ।
ਕਿਧਰੇ ਬਣੀਏ ਧਰੂਆਂ ਤਾਰੇ।
ਚੀਨੀ ਵਾਲੇ ਦੇ ਅਸੀਂ ਲੜਿਕੇ।
ਅਮਲੋਂ ਉੱਚੇ ਉਮਰੋਂ ਨਿੱਕੇ।
ਸਤਿਗੁਰ ਜੀ ਦੇ ਪਾ ਇਸ਼ਾਰੇ।
ਮੰਦ ਕਰਮਾਂ ਤੋਂ ਰਹਿ ਕਿਨਾਰੇ।
ਸ਼ੁਭ ਕਰਮਾਂ ਦੇ ਚੰਨ ਚਮਕਾ ਕੇ।
ਬਹੀਏ ਦੁਨੀਆਂ ਨਵੀਂ ਵਸਾ ਕੇ।
'ਸੂਫੀ' ਧਰਮ ਧੁਜਾ ਫਹਿਰਾਈਏ।
ਰਬੀ ਪਿਆਰ ਤੇ ਪੂਰਨੇ ਪਾਈਏ।

(ਅਜੀਤ ਸਿੰਘ "ਸੂਫੀ")

Namdhari Elibrary NamdhariElibrary@gmail.com

ਲੜਿਕੇ-ਲਾਡਲੇ
ਗਿਆਨ-ਮੁਨਾਰੇ-ਗਿਆਨ ਦੇ ਥੰਮ ਭਾਵ ਗਿਆਨ ਦੇਣ ਵਾਲੇ।

ਪ੍ਰਸ਼ਨ

੧. ਵਿਦਿਆ ਪੜ੍ਹਨ ਦਾ ਕੀ ਭਾਵ ਹੈ ?
ਇਸ ਕਵਿਤਾ ਨੂੰ ਮਿਲ ਕੇ ਪੜ੍ਹੋ।

Namdhari Elibrary NamdhariElibrary@gmail.com

ਵੱਢਣ ਵਾਲੀ ਕੁਤੀ ਨੂੰ ਦੁਧ

ਸੰਤ ਲਹਿਣਾ ਸਿੰਘ ਜੀ

ਦਇਆਵਾਨ, ਲੋੜਵੰਦ, ਲਧੇਵਾਲ, ਗੁਜਰਾਂ ਵਾਲ,

ਵੱਢਿਆ, ਪ੍ਰਸ਼ਾਦੇ, ਨਿਯਮ,

ਬਾਲਕੋ ! ਸੰਤ ਬੜੇ ਚਗੇ ਹੁੰਦੇ ਹਨ। ਗੁਜਰਾਂਵਾਲੇ ਇਕ ਸਾਧੂ ਰਹਿੰਦੇ ਸਨ। ਉਨ੍ਹਾਂ ਦਾ ਨਾਂ ਸੀ ਲਹਿਣਾ ਸਿੰਘ। ਚੀਨੀ ਵਾਲੇ ਪਾਤਸ਼ਾਹ ਉਨ੍ਹਾਂ ਨੂੰ ਪੂਰਾ ਸਿਖ ਆਖਦੇ ਸਨ।

ਆਪ ਬੜੇ ਦਇਆਵਾਨ ਸਨ। ਲੋੜਵੰਦਾ ਨੂੰ ਕਪੜੇ ਤੇ ਪ੍ਰਸ਼ਾਦੇ ਦੇਂਦੇ ਸਨ। ਇਕ ਦਿਨ ਲਾਧੇਵਾਲ ਜਾ ਰਹੇ ਸਨ। ਰਾਹ ਵਿਚ ਇਕ ਕੁੱਤੀ ਸੀ। ਕੁੱਤੀ ਬਚਿਆਂ ਵਾਲੀ ਸੀ। ਕੁੱਤੀ ਆਈ। ਸੰਤਾਂ ਦੀ ਲੱਤ ਵਿਚੋਂ ਮਾਸ ਤੋੜ ਕੇ ਲੈ ਗਈ।

ਸੰਤ ਕੁੱਤੀ ਦੇ ਮਗਰ ਗਏ। ਡੰਡਾ ਲੈ ਕੇ ਨਹੀਂ, ਰੋਟੀਆਂ ਲੈਕੇ। ਕੁੱਤੇ ਨੂੰ ਜਾ ਪ੍ਰਸ਼ਾਦੇ ਪਾਏ। ਇਕ ਸਾਧੂ ਨੇ ਪੁਛਿਆ, ਸੰਤ ਜੀ ਇਹ ਕੀ? ਕੁੱਤੀ ਤੁਹਾਨੂੰ ਵਢਿਆ।

ਨੋਟ :- ਇਹ ਲਹਿਣਾ ਸਿੰਘ ਜੀ ਨਲੂਏ ਦੇ ਜਵਾਈ ਸਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿਚੋਂ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਬਣਾਏ ਸਿਖਾਂ ਵਿਚੋਂ ਪੂਰੇ ਢਾਈ ਸਿਖ ਲਭੇ ਸਨ ਓਨਾਂ ਵਿਚੋਂ ਇਹ ਵੀ ਇਕ ਸਨ।

Namdhari Elibrary Namdhari.Elibrary@gmail.com

ਤੁਸਾਂ ਉਸਨੂੰ ਰੋਟੀਆਂ ਖੁਆਈਆਂ । ਹਾਂ ਭਾਈ ਠੀਕ ਹੈ । ਉਹ ਆਖਦੀ ਹੈ, ਮੈਂ ਕਈ ਦਿਨ ਦੀ ਭੁਖੀ ਹਾਂ । ਇਨ੍ਹਾਂ ਮੇਰੀ ਖਬਰ ਨਹੀਂ ਪੁਛੀ । ਸੰਤਾਂ ਨੇ ਆਖਿਆ ।

ਅਗੋਂ ਤੋਂ ਸੰਤ ਜਦੋਂ ਲੱਧੇ ਵਾਲਿਉਂ ਆਉਣ ਕੁੱਤੀ ਨੂੰ ਦੋ ਸੇਰ ਦੁਧ ਪਾ ਆਉਣ । ਇਹ ਉਨ੍ਹਾਂ ਦਾ ਨਿਯਮ ਹੋ ਗਿਆ ।

ਸੰਤ ਸਾਈਂ ਦਾ ਰੂਪ ਹੁੰਦੇ ਹਨ । ਇਹ ਰੱਬ ਦੇ ਬੜੇ ਪਿਆਰੇ ਹੁੰਦੇ ਹਨ । ਸੰਸਾਰ ਤੇ ਸਦਾ ਭਲਾ ਕਰਦੇ ਹਨ । 'ਆਲਿਮ' ਜੀ ਨੇ ਲਿਖਿਆ ਹੈ :-

ਸੰਤ ਸਾਈਂ ਦੇ ਆਏ ਜਹਾਨ ਅੰਦਰ,
ਕੇਵਲ ਸਾਂਈ ਦਾ ਨਾਮ ਜਪਾਵਨੇ ਨੂੰ ।
ਭੁਲੇ ਜੱਗ ਦੇ ਤਾਈਂ ਸਮਝਾ ਕਰਕੇ,
ਸਿਧਾ ਰੱਬ ਦਾ ਰਾਹ ਦਿਖਾਵਨੇ ਨੂੰ ।

-; o ;-

ਦਇਆਵਾਨ-ਦਇਆ ਕਰਨ ਵਾਲੇ ।
ਲਧੇਵਾਲ-ਇਕ ਪਿੰਡ ਦਾ ਨਾਂ
ਨਿਯਮ-ਸਮੇ ਸਿਰ, ਨੇਮ ਨਾਲ ।

ਅਭਿਆਸ

(੧) ਵਾਕਾਂ ਵਿਚ ਵਰਤੋ -ਦਇਆਵਾਨ, ਸੰਸਾਰ, ਨਿਯਮ, ਸਾਈਂ ਲੋੜਵੰਦ ਨੂੰ, ਸਿਖ ।
(੨) ਇਸ ਤੁਕ ਦਾ ਕੀ ਅਰਥ ਹੈ ?
ਸਿੱਧਾ ਰੱਬ ਦਾ ਰਾਹ ਦਿਖਾਵਨੇ ਨੂੰ ।
(੩) ਸ੍ਰ. ਲਹਿਣਾ ਸਿੰਘ ਕੌਨ ਸਨ ?

Namdhari Elibrary NamdhariElibrary@gmail.com

ਭਲਿਆਂ ਦੀ ਮੱਤ

ਭਾਰਤ ਵਰਸ਼ ਵਿਚ ਇਕ ਚੀਨੀ ਆਇਆ। ਉਹ ਤਿੰਨ ਮੂਰਤੀਆਂ ਲਿਆਇਆ। ਉਹ ਮੂਰਤੀਆਂ ਪੱਥਰ ਦੀਆਂ ਸਨ। ਉਹ ਮੂਰਤੀਆਂ ਤਿੰਨ ਬਾਂਦਰਾਂ ਦੀਆਂ ਸਨ।

ਇਕ ਬਾਂਦਰ ਦੇ ਦੋਵੇਂ ਹੱਥ ਕੰਨਾਂ ਤੇ ਰਖੇ ਹੋਏ ਸਨ। ਇਕ ਬਾਂਦਰ ਦੇ ਦੋਵੇਂ ਹੱਥ ਅੱਖਾਂ ਤੇ ਸਨ। ਇਕ ਬਾਂਦਰ ਦੇ ਦੋਵੇਂ ਹੱਥ ਮੂੰਹ ਤੇ ਸਨ।

ਉਸ ਚੀਨੀਏ ਉਹ ਮੂਰਤੀਆਂ ਮਹਾਤਮਾ ਗਾਂਧੀ ਅਗੇ ਪੇਸ਼ ਕੀਤੀਆਂ। ਗਾਂਧੀ ਜੀ ਨੇ ਮੂਰਤੀਆਂ ਵਾਰੀ ਵਾਰੀ ਚੁਕੀਆਂ। ਧਿਆਨ ਨਾਲ ਉਨ੍ਹਾਂ ਨੂੰ ਤਕਿਆ। ਕੁਝ ਚਿਰ ਚੁਪ ਰਹੇ। ਮੁੜ ਤਿੰਨਾਂ ਨੂੰ ਹੀ ਵਾਰੀ ਵਾਰੀ ਚੁਕ ਚੁਕ ਮੱਥੇ ਨਾਲ ਲਾਇਆ। ਗਾਂਧੀ ਜੀ ਮੂੰਹੋਂ ਆਖਿਆ ਇਹ ਮੂਰਤੀਆਂ ਬੜੀਆਂ ਚੰਗੀਆਂ ਹਨ। ਇਹ ਮੈਨੂੰ ਮੱਤ ਦੇਂਦੀਆਂ ਹਨ। ਇਹ ਮੇਰੀਆਂ ਗੁਰੂ ਹਨ।

ਕੋਲ ਬੈਠ ਸਜਣ ਹੈਰਾਨ ਹੋਏ। ਉਨ੍ਹਾਂ ਪੁਛਿਆ, ਤੁਹਾਨੂੰ ਇਨ੍ਹਾਂ ਕੀ ਉਪਦੇਸ਼ ਦਿਤਾ ਹੈ? ਤੁਸੀਂ ਇਹਨਾਂ ਨੂੰ ਗੁਰੂ ਕਿਉਂ ਆਖਦੇ ਹੋ।

ਗਾਂਧੀ ਜੀ ਕਹਿਆ, ਪਹਿਲੀ ਮੂਰਤੀ ਉਪਦੇਸ਼ ਦੇਂਦੀ ਹੈ, ਬੁਰੀ ਗਲ ਕਦੀ ਨ ਕਹੋ। ਦੂਜੀ ਕਹਿੰਦੀ ਹੈ, ਬੁਰੀ ਗਲ ਕਦੀ ਨ ਤਕੋ। ਤੀਜੀ ਆਖਦੀ ਹੈ, ਬੁਰੀ ਗਲ ਕਦੀ ਨ ਸੁਣੋ।

ਇਹ ਬੜੇ ਚੰਗੇ ਹਨ। ਇਹ ਮੈਨੂੰ ਉਪਦੇਸ਼ ਦਿੰਦੇ ਹਨ। ਇਹ ਮੇਰੇ ਗੁਰੂ ਹਨ। ਮੈਂ ਇਨ੍ਹਾਂ ਦਾ ਸਦਾ ਬਚਨ ਮੰਨਾਂਗਾ।

Namdhari Elibrary NamdhariElibrary@gmail.com

ਚੰਗੀ ਸਿਖਿਆ ਮਿਲ ਜਾਏ ਜਿਥੋਂ ਪਲੇ ਬੰਨੋ ਭਾਈ।
ਸੋਨਾਂ ਨਾਲੀ ਦੇ ਵਿਚ ਹੋਵੇ, ਰੁਕੋ ਮੂਲ ਨ ਰਾਈ।

-: o :-

ਉਪਦੇਸ਼-ਸਿਖਿਆ।

ਰਾਈ-ਇਕ ਤੇਲ ਵਾਲੀ ਜਿਣਸ ਜਿਸ ਦਾ ਦਾਣਾ ਬਹੁਤ ਛੋਟਾ ਹੁੰਦਾ ਹੈ।

ਅਭਿਆਸ

ਇਹ ਵਾਰਤਾ ਜ਼ਬਾਨੀ ਸੁਣਾਓ।

Namdhari Elibrary NamdhariElibrary@gmail.com

ਦੰਦਾਂ ਦੀ ਸਫਾਈ

ਦਾਤਣ ਸਵਾਦ ਬਖਸ਼ਸ਼ਾਂ ਰੇਸ਼ਾ

ਬਾਲਕੋ ! ਸਤਿਗੁਰ ਨੇ ਬੜੀਆਂ ਬਖਸ਼ਸ਼ਾਂ ਕੀਤੀਆਂ ਹਨ ਸੋਹਣਾ ਸਰੀਰ ਦਿਤਾ ਹੈ। ਦੋ ਅੱਖਾਂ ਹਨ। ਕੰਨ ਹਨ। ਨੱਕ ਹੈ। ਜੀਭ ਹੈ। ਦੰਦ ਹਨ। ਪੈਰ ਹਨ। ਇਨ੍ਹਾਂ ਦਾ ਸਾਫ ਰਖਣਾ ਬੜਾ ਜ਼ਰੂਰੀ ਹੈ।

ਦੰਦਾਂ ਨਾਲ ਪ੍ਰਸ਼ਾਦਾ ਛਕਦੇ ਹਾਂ । ਇਹ ਸਾਫ ਨ ਹੋਣ ਤਾਂ ਦੰਦਾਂ ਦੀ ਮੈਲ ਪੇਟ ਵਿਚ ਕਈ ਰੋਗ ਪੈਦਾ ਕਰਦੀ ਹੈ। ਮੈਲ਼ੇ ਦੰਦ ਉਂਝ ਵੀ ਸੰਗਤ ਵਿਚ ਬੈਠਿਆਂ ਬੁਰੇ ਲਗਦੇ ਹਨ।

ਜਿਹੜੇ ਬਾਲਕ ਦੰਦ ਸਾਫ ਨਹੀਂ ਰਖਦੇ, ਉਹਨਾਂ ਦੇ ਦੰਦ ਛੇਤੀ ਹਿਲਣ ਲਗ ਪੈਂਦੇ ਹਨ । ਦੰਦਾਂ ਵਿਚ ਰੇਸ਼ਾ ਪੈ ਜਾਂਦਾ ਹੈ। ਮੂੰਹ ਪੀੜ ਹੁੰਦੀ ਹੈ। ਬੜਾ ਦੁਖ ਹੁੰਦਾ ਹੈ। ਇਨ੍ਹਾਂ ਦੇ ਸਾਫ ਰਖਣ ਵਾਸਤੇ ਇਨ੍ਹਾਂ ਗਲਾਂ ਵਲ ਧਿਆਨ ਦੇਣਾ ਚਾਹੀਦਾ ਹੈ।

(੧) ਦਾਤਣ ਕਰੋ।

(੨) ਪ੍ਰਸ਼ਾਦ ਛਕਣ ਤੋਂ ਪਹਿਲਾਂ ਦੰਦ ਸਾਫ ਕਰੋ ।

(੩) ਪ੍ਰਸ਼ਾਦ ਛਕ ਕੇ ਮੁੜ ਚੁਲਾ ਕਰੋ।

(੪) ਮਿਠਾ ਥੋੜਾ ਖਾਓ ! ਜੇ ਖਾਓ ਤਾਂ ਉਸ ਵੇਲੇ ਚੁਲਾ ਕਰੋ।

Namdhari Elibrary NamdhariElibrary@gmail.com

(੫) ਬਹੁਤ ਨਰਮ ਨਰਮ ਖਾਣੇ ਨ ਖਾਓ।

(੬) ਜੇ ਦਾਤਣ ਨ ਮਿਲੇ ਤਾਂ ਬਰੀਕ ਲੂਣ ਤੇਲ ਨਾਲ ਮਲ ਕੇ ਦੰਦਾਂ ਤੇ ਮਲੋ। ਮੁੜ ਚੁਲੀ ਕਰੇ।

(੭) ਗਰਮ ਵਸਤੂ ਤੋਂ ਠੰਡਾ ਜਲ ਨ ਛਕੋ।

ਸਿਆਣੇ ਕਹਿੰਦੇ ਹਨ :

ਦੰਦ ਗਏ ਸਵਾਦ ਗਇਆ।
ਦੰਦ ਰਹੇ ਸਵਾਦ ਰਹਿਆ।

Namdhari Elibrary NamdhariElibrary@gmail.com

ਹੇ ਸਤਿਗੁਰ

ਪ੍ਰਤਿਪਾਲ ਭਿਆਲ ਸੰਭਾਲ

ਹੇ ਸਤਿਗੁਰ ਹੇ ਦੀਨ ਦਿਆਲ।
ਸਭ ਦੀ ਆਪ ਕਰੰ ਪ੍ਰਤਿਪਾਲ।

ਸਭ ਨੂੰ ਸਿੱਧਾ ਰਾਹ ਵਿਖਾਵੇਂ।
ਰਲ ਮਿਲ ਰਹਿਣ ਦੀ ਜਾਚ ਸਿਖਾਵੇਂ।

ਜਗ ਤੇ ਪਿਆਰ ਫੁਹਾਰਾਂ ਪਾਵੇਂ।
ਸਭ ਦੇ ਮਨਾਂ ਦੀ ਮੈਲ ਨੂੰ ਲਾਵੇਂ।

ਇਕ ਦੂਜੇ ਦੀ ਕਰਨ ਸੰਭਾਲ।
ਹੇ ਸਤਿਗੁਰ ਹੇ ਦੀਨ ਦਿਆਲ।

ਕਿਰਤੀ ਬਨਣ ਦੇਸ਼ ਦੇ ਵਾਸੀ।
ਦੌਲਤ ਬਣੇ ਹਰੇਕ ਦੀ ਦਾਸੀ।

ਕੱਟ ਜਾਏ ਦੁਖਾਂ ਦੀ ਫਾਂਸੀ।
ਸਭ ਦੇ ਮੂੰਹ ਤੇ ਨੱਚੇ ਹਾਸੀ।

ਸਾਰੀ ਦੁਨੀਆਂ ਕਰੋ ਨਿਹਾਲ।
ਹੇ ਸਤਿਗੁਰ ਹੇ ਦੀਨ ਦਿਆਲ।

Namdhari Elibrary NamdhariElibrary@gmail.com

ਬਖਸ਼ੇ ਐਸਾ ਗਿਆਨ ਅਸਾਨੂੰ।
ਰਖੀਏ ਹਰਦਮ ਯਾਦ ਤੁਸਾਨੂੰ।

ਜੱਗ ਤੋਂ ਕਰੀਏ ਦੂਰ ਗਮਾਂ ਨੂੰ।
ਜਗਦੀ ਰਖੀਏ ਪਿਆਰ ਸ਼ਮਾ ਨੂੰ।

ਬਣੀਏ ਸਾਰੇ ਪ੍ਰੀਤ ਖ਼ਿਆਲ।
ਹੇ ਸਤਿਗੁਰ ਹੇ ਦੀਨ ਦਿਆਲ।

ਅਮ੍ਰੀਕ ਸਿੰਘ ਜੀ 'ਅਮਰਾਸਰੀ

-: 0 :-

ਪਿਆਰ ਸ਼ਮਾਂ–ਪਿਆਰ ਦੀ ਲਾਟ ਭਾਵ ਪ੍ਰੇਮ, ਪਿਆਰ ਖ਼ਿਆਲ–ਸਾਂਝੇ।

(੧) ਸਤਿਗੁਰਾਂ ਪਾਸੋਂ ਕੀ ਮੰਗ ਮੰਗਣੀ ਚਾਹੀਦੀ ਹੈ ?

(੨) ਤੀਜੇ ਪਹਿਰੇ ਵਿਚ 'ਜੱਗ ਤੋਂ' ਤੇ ਜਗਦੀ ਵਿਚ ਕੀ ਫਰਕ ਹੈ ?

Namdhari Elibrary NamdhariElibrary@gmail.com

ਸੱਚੀ ਨਿਮਾਜ਼

ਸੁਲਤਾਨਪੁਰ ਮੁਸਲਮਾਨਾਂ ਨਵਾਬ

ਮੌਲਵੀ ਕਾਬਲ ਝੁਕਣਾ

ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨ ਪੁਰ ਹਟੀ ਕਰਦੇ ਸਨ। ਸਾਰੇ ਹਿੰਦੂ, ਮੁਸਲਮਾਨਾਂ ਨਾਲ ਮੇਲ ਰਖਦੇ। ਸਾਰਿਆਂ ਨੂੰ ਪਿਆਰ ਕਰਦੇ।

ਇਕ ਦਿਨ ਉਥੋਂ ਦੇ ਨਵਾਬ ਨੇ ਕਿਹਾ:- ਨਾਨਕ ਤੂੰ ਸਾਰਿਆਂ ਵਿਚ ਰੱਬ ਜਾਣਦਾ ਹੈਂ। ਤੂੰ ਸਾਡੇ ਨਾਲ ਨਿਮਾਜ਼ ਪੜ੍ਹ। ਗੁਰੂ ਜੀ ਨੇ ਕਿਹਾ :- ਬੜਾ ਚੰਗਾ ! ਮੈਂ ਨਿਮਾਜ ਪੜ੍ਹਾਂਗਾ ਸਾਰੇ ਮਸੀਤ ਗਏ।

ਅਗੇ ਮੌਲਵੀ ਖਲੋ ਗਿਆ। ਪਿਛੇ ਸਾਰੇ ਖਲੋ ਗਏ। ਨਾਲ ਹੀ ਗੁਰੂ ਜੀ ਖਲੋ ਗਏ। ਨਿਮਾਜ ਸ਼ੁਰੂ ਹੋਈ ਸਾਰੇ ਸਿਜਦੇ ਗਏ। ਗੁਰੂ ਜੀ ਖੜੇ ਰਹੇ।

ਮੁਲਾਂ ਗੁਸ ਵਿਚ ਆ ਗਿਆ। ਉਸ ਕਿਹਾ :- ਤੂੰ ਨਿਮਾਜ਼ ਦੀ ਬੇਇਜਤੀ ਕੀਤੀ ਹੈ। ਤੂੰ ਮਸੀਤੇ ਆਕੇ ਨਿਮਾਜ ਕਿਉਂ ਨਹੀਂ ਪੜ੍ਹੀ। ਗੁਰੂ ਜੀ ਕਿਹਾ :- ਮੈਂ ਨਿਮਾਜ਼ ਰਲਕੇ ਪੜ੍ਹਨੀ ਸੀ। ਇਕੱਲਾ ਨਿਮਾਜ਼ ਕਿਵੇਂ ਪੜਦਾ।

ਸਾਰੇ ਹੈਰਾਨ ਹੋ ਗਏ। ਮੁਲਾਂ ਬੋਲਿਆ ;- ਮੈਂ ਨਿਮਾਜ਼ ਪੜ੍ਹੀ ਨਵਾਬ ਸਾਹਿਬ ਨਿਮਾਜ਼ ਪੜ੍ਹੀ। ਤੂੰ ਇਹ ਕੁਫਰ ਕਿਉਂ ਬੋਲਿਆ ? ਗੁਰੂ ਜੀ ਕਹਿਆ :- ਮੁਲਾਂ ਜੀ ਮੈਂ ਠੀਕ ਆਖ ਰਿਹਾਂ ਹਾਂ। ਤੁਸੀਂ ਨਿਮਾਜ

Namdhari Elibrary NamdhariElibrary@gmail.com

ਨਹੀਂ ਪੜ੍ਹੀ। ਨਵਾਬ ਸਾਹਿਬ ਨਿਮਾਜ ਨਹੀਂ ਪੜ੍ਹੀ।

ਮੁਲਾਂ : ਕਿਵੇਂ ?

ਗੁਰੂ ਜੀ :- ਤੁਸੀਂ ਨਿਮਾਜ ਵੇਲੇ ਘਰ ਸੂਣ ਵਾਲੀ ਘੋੜੀ ਦੀ ਸਾਂਭ ਕਰ ਰਹੇ ਸਉ। ਘੋੜੀ ਦਾ ਬੱਚਾ ਪਿਛੋਂ ਟੋਏ ਵਿਚ ਨ ਜਾ ਪਵੇ ?

ਮੁਲਾਂ ਇਹ ਸੁਣ ਹੈਰਾਨ ਹੋ ਗਿਆ। ਮਨ ਮੰਨ ਗਇਆ ਕਿ ਠੀਕ ਮੇਰਾ ਧਿਆਨ ਨਿਮਾਜ ਵੇਲੇ ਸਣ ਵਾਲੀ ਘੋੜੀ ਵਲ ਚਲਾ ਗਇਆ ਸੀ।

ਨਵਾਬ :- ਨਾਨਕ ! ਮੈਂ ਸਿਜਦੇ ਵਿਚ ਮੌਜੂਦ ਸਾਂ, ਤੂੰ ਮੇਰੇ ਨਾਲ ਨਿਮਾਜ਼ ਪੜ੍ਹਨੀ ਸੀ।

ਗੁਰੂ ਜੀ ;- ਨਵਾਬ ! ਸੱਚ ਸੁਨਣਾ ਬੜਾ ਔਖਾ ਹੈ । ਤੁਸੀਂ ਨਿਮਾਜ ਵੇਲੇ ਕਾਬਲ ਵਿਚ ਘੋੜਿਆਂ ਦੀ ਪਰਖ ਕਰ ਰਹੇ ਸਉ। ਨਵਾਬ ਮਨ ਵਿਚ ਬੜਾ ਸ਼ਰਮਿੰਦਾ ਹੋਇਆ ਤੇ ਮੰਨ ਗਿਆ ਕਿ ਠੀਕ ਨਿਮਾਜ਼ ਵੇਲੇ ਮੇਰਾ ਮਨ ਕਾਬਲ ਵਿਚ ਘੋੜਾ ਪਰਖ ਰਿਹਾ ਸੀ।

ਇਹ ਗਲਾਂ ਸੁਣਕੇ ਸਭ ਚੁਪ ਹੋ ਗਏ। ਕਿਸੇ ਨੂੰ ਹਿੱਮਤ ਨ ਪਈ ਕਿ ਕਹੇ ਕਿ ਨਾਨਕ ਤੂੰ ਨਿਮਾਜ਼ ਮੇਰੇ ਨਾਲ ਪੜ੍ਹਦੋਂ।

ਗੁਰੂ ਜੀ ਬਚਨ ਕੀਤਾ ;- ਨਵਾਬ ਸਾਹਿਬ ਨਿਮਾਜ਼ ਉਹ ਹੈ ਜਿਹੜੀ ਰੱਬ ਨੂੰ ਹਾਜਰ ਜ਼ਾਣ ਪੜ੍ਹੀ ਜਾਵੇ । ਮਨ ਉਸਦੇ ਚਰਨਾਂ ਵਿਚ ਜੋੜਿਆ ਜਾਵੇ। ਨਿਮਾਜ ਕੇਵਲ ਮਸੀਤੇ ਆਕੇ ਝੁਕਣਾ ਹੀ ਨਹੀਂ, ਸਗੋਂ ਮਨ ਨੂੰ ਉਸਦੇ ਚਰਨਾਂ ਵਿਚ ਝੁਕਾਣਾ ਹੈ। ਇਹ ਸੁਣ ਸਾਰੇ ਅਦਬ ਨਾਲ ਗੁਰੂ ਜੀ ਦੇ ਚਰਨਾਂ ਤੇ ਝੁਕ ਗਏ।

Namdhari Elibrary NamdhariElibrary@gmail.com

ਨਿਮਾਜ ਨਹੀ ਨਿਰਾ ਮਸੀਤੇ ਜਾਣਾ।
ਨਿਮਾਜ ਉਹੀ ਚਿਤ ਚਰਨੀ ਲਾਣਾ।

-: ੦ :-

ਅਦਬ- ਸਤਿਕਾਰ।

ਸਜਦਾ- ਨਿਮਾਜ ਪੜ੍ਹਦਿਆਂ ਪੜ੍ਹਦਿਆਂ ਰੱਬ ਅਗੇ ਸਿਰ ਨਿਵਾਉਣਾ।

ਮਸੀਤ- ਮੁਸਲਮਾਨਾਂ ਦੀ ਧਰਮ-ਸ਼ਾਲਾ ! ਜਿਥੇ ਇਕਠੇ ਹੀ ਰੱਬ ਦੀ ਬੰਦਗੀ ਕਰਦੇ ਹਨ।

ਪ੍ਰਸ਼ਨ

(੧) ਨਿਮਾਜ਼ ਪੜ੍ਹਾਂਦਿਆਂ, ਮੁਲਾਂ ਦਾ ਮਨ ਕਿਥੇ ਸੀ ?
(੨) ਤੁਸੀ ਇਸ ਪਾਠ ਤੋਂ ਕੀ ਸਿਖਿਆ ਲਈ ਹੈ ?

Namdhari Elibrary NamdhariElibrary@gmail.com

ਪਿਆਰ ਵਸ ਕਰ ਲੈਂਦਾ ਹੈ

ਗੌਤਮ ਦੇਵ ਦੱਤ ਤੜਫਦਾ ਹਿਤ

ਗੌਤਮ ਤੇ ਦੇਵ ਦਤ ਦੋ ਬਾਲਕ ਸਨ। ਗੌਤਮ ਬੜਾ ਨਰਮ ਸੁਭਾ ਦਾ ਸੀ ਦੇਵ ਦਤ ਬੜਾ ਗਰਮ ਸੁਭਾ ਦਾ । ਦੋਵੇਂ ਬਾਗ ਵਿਚ ਖੇਡ ਰਹੇ ਸਨ। ਬਾਗ ਵਿਚ ਖੇਡਦਿਆਂ ਸਿਰਾਂ ਤੋਂ ਹੰਸ ਉਡਦੇ ਉਡਦੇ ਲੰਘੇ। ਦੇਵਦੱਤ ਨੇ ਖਿਚਕੇ ਤੀਰ ਮਾਰਿਆ। ਤੀਰ ਹੰਸ ਦੇ ਖੰਭ ਵਿਚ ਲਗਾ। ਹੰਸ ਵਿਚਾਰਾ ਤੜਫਦਾ ਤੜਫਦਾ ਡਿਗ ਪਿਆ।

ਹੰਸ ਡਿਗਦਿਆਂ ਗੌਤਮ ਨੇ ਵੇਖਿਆ। ਗੌਤਮ ਉਸਦੇ ਕੋਲ ਗਿਆ। ਗੌਤਮ ਦੀਆਂ ਅੱਖਾਂ ਵਿਚ ਅਥਰੂ ਆ ਗਏ। ਉਸ ਨੇ ਪਿਆਰ ਨਾਲ ਹੰਸ ਨੂੰ ਚੁਕ ਲਿਆ। ਉਸਦੇ ਖੰਭ ਵਿਚੋਂ ਤੀਰ ਕਢਿਆ। ਉਸਦਾ ਲਹੂ ਪੂੰਝਿਆ। ਉਸਦੇ ਅਗੇ ਪਾਣੀ ਰਖਿਆ।

ਹੰਸ ਨੂੰ ਗੌਤਮ ਕੋਲ ਵੇਖ ਦੇਵਦੱਤ ਭੱਜਾ ਆਇਆ। ਇਸ ਦੀਆਂ ਅੱਖਾਂ ਲਾਲ ਸਨ। ਆਉਂਦਿਆਂ ਹੀ ਹੰਸ ਤੇ ਝਪਟਾ ਮਾਰਿਆ। ਗੌਤਮ ਹੰਸ ਲੈਕੇ ਪਿਤਾ ਕੋਲ ਨਸ ਗਿਆ। ਮਗਰੇ ਮਗਰ ਦੇਵਦੱਤ ਗਿਆ। ਉਥੇ ਜਾਕੇ ਮੁੜ ਝਗੜਨ ਲਗ ਪਏ।

ਗੌਤਮ ਦਾ ਪਿਤਾ ਰਾਜਾ ਸੀ। ਉਸ ਕੋਲ ਜਾ ਗੌਤਮ ਕਹ : ਹੰਸ ਮੇਰਾ ਹੈ। ਦੇਵ ਦਤ ਕਹੇ ਮੇਰਾ ਹੈ। ਰਾਜੇ ਨੇ ਕਿਹਾ :- ਕਿਵੇਂ ? ਦੇਵਦਤ ਨੇ ਕਿਹਾ : ਮੈਂ ਤੀਰ ਮਾਰਿਆ। ਹੰਸ ਡਿਗ ਪਿਆ। ਹੰਸ

Namdhari Elibrary NamdhariElibrary@gmail.com

ਮੇਰਾ ਹੈ । ਗੋਤਮ ਕਹੇ ; ਮੈਂ ਇਸ ਵਿਚੋਂ ਤੀਰ ਕਢਿਆ । ਲਹੂ ਪੂੰਝਿਆ । ਜਖਮ ਧੋਤਾ । ਹੰਸ ਮੇਰਾ ਹੈ ।

ਰਾਜੇ ਕਹਿਾ : ਇਸ ਤਰ੍ਹਾਂ ਨਹੀਂ ਹੰਸ ਜਿਸ ਕੋਲ ਚਲਾ ਜਾਵੇ, ਉਸਦਾ ਹੋਇਆ । ਇਹ ਗਲ ਦੋਵੇਂ ਮੰਨ ਗਏ । ਰਾਜੇ ਨੇ ਹੰਸ ਫੜ ਲਿਆ ਗੋਤਮ ਤੇ ਦੇਵਦਤ ਸੱਜੇ ਖੱਬੇ ਖਲੋ ਗਏ ।

ਰਾਜੇ ਨੇ ਹੰਸ ਨੂੰ ਛਡ ਦਿਤਾ । ਹੰਸ ਨੇ ਦੇਵਦਤ ਵਲ ਵੇਖਿਆ । ਫੇਰ ਗੋਤਮ ਵਲ ਵੇਖਿਆ । ਦੇਵਦੱਤ ਦੀਆਂ ਅੱਖਾਂ ਲਾਲ ਸਨ । ਗੋਤਮ ਦੀਆਂ ਅੱਖਾਂ ਵਿਚ ਪਿਆਰ ਸੀ । ਉਸਦੇ ਦਿਲ ਵਿਚ ਹਿਤ ਸੀ । ਹੰਸ ਹੋਲੀ ਹੋਲੀ ਗੋਤਮ ਕੋਲ ਜਾ ਖਲੋਤਾ । ਗੋਤਮ ਬੜਾ ਖੁਸ਼ ਹੋਇਆ ।

ਰਾਜੇ ਨੇ ਕਿਹਾ ; ਕਿਉਂ ਭਾਈ ਬਸ ? ਹੰਸ ਕਿਸ ਦਾ ਹੋਇਆ ? ਤੇਵਦੱਤ ਨੂੰ ਭਾਣਾ ਮੰਨਣਾ ਪਇਆ, ਹੰਸ ਗੋਤਮ ਦਾ ਹੈ ।

ਬਾਲਕੋ ! ਵੇਖਿਆ ਜੇ, ਪਿਆਰ ਪੰਛੀਆਂ ਨੂੰ ਵਸ ਕਰ ਲੈਂਦਾ ਹੈ ।

- o -

ਠੰਢਾ ਸੁਭਾ-ਨਰਮ ਦਿਲ, ਹੌਸਲੇ ਵਾਲਾ ।
ਗਰਮ ਸੁਭਾ–ਤੇਜ ਤਬੀਅਤ ।

ਅਭਿਆਸ

(੧) ਇਸ ਕਹਾਣੀ ਨੂੰ ਜਬਾਨੀ ਸੁਣਾਓ ।

(੨) ਵਾਕਾਂ ਵਿਚ ਵਰਤੋਂ : ਪਿਆਰ, ਤੀਰ, ਖੰਭ, ਠੰਢਾ ਸੁਭਾ ਗਰਮ ਸੁਭਾ ।

Namdhari Elibrary NamdhariElibrary@gmail.com

ਪੌਣ

ਸਤਿਗੁਰ ਦਾਤ ਪੰਛੀਆਂ

ਬਿਰਛ ਖਿੜਕੀਆਂ ਬਨਾਉਣਾ

ਪੌਣ ਸਤਿਗੁਰਾਂ ਦੀ ਵਡੀ ਦਾਤ ਹੈ। ਕੁਝ ਸਮਾਂ ਪ੍ਰਸ਼ਾਦੇ ਬਿਨਾਂ ਲੰਘ ਸਕਦਾ ਹੈ। ਕੁਝ ਸਮਾਂ ਜਲ ਬਿਨਾ ਲੰਘ ਸਕਦਾ ਹੈ। ਪਰ ਪੌਣ ਬਿਨਾਂ ਪਲ ਭਰ ਭੀ ਜ਼ਿਉਂਦਾ ਨਹੀਂ ਰਹਿ ਸਕੀਦਾ।

ਪਸ਼ੂ ਪੰਛੀਆਂ ਨੂੰ ਵੀ ਪੌਣ ਦੀ ਇਤਨੀ ਲੋੜ ਹੈ, ਜਿਤਨੀ ਮਨੁਖਾਂ ਨੂੰ। ਰੁਖ ਬ੍ਰਿਛ ਵੀ ਪੌਣ ਬਿਨਾਂ ਜੀਉਂਦੇ ਨਹੀਂ ਰਹਿ ਸਕਦੇ।

ਸਾਨੂੰ ਸਦਾ ਖੁਲ੍ਹੀ ਪੌਣ ਵਿਚ ਸਾਹ ਲੈਣਾ ਚਾਹੀਦਾ ਹੈ। ਸਵੇਰੇ ਸਵੇਰੇ ਬਾਹਰ ਜਾਕੇ ਸਾਹ ਲੈਣਾ ਚਾਹੀਦਾ ਹੈ। ਜਿਸ ਨਾਲ ਲਹੂ ਸਾਫ ਹੁੰਦਾ ਹੈ।

ਘਰਾਂ ਨੂੰ ਵੀ ਇਸ ਢੰਗ ਨਾਲ ਬਨਾਉਣ ਦੀ ਲੋੜ ਹੈ ਕਿ ਹਵਾ ਖੁਲ੍ਹੀ ਆ ਸਕੇ। ਬੂਹੇ ਬਾਰੀਆਂ ਚੋਖੀਆਂ ਰਖਣੀਆਂ ਚਾਹਦੀਆਂ ਹਨ। ਇਸ ਦੇ ਨਾਲ ਰੌਸ਼ਨੀ ਵੀ ਬੜੀ ਜਰੂਰੀ ਹੈ।

ਰਾਤ ਨੂੰ ਸੌਣ ਵੇਲੇ ਬਾਰੀਆਂ ਖੁਲ੍ਹੀਆਂ ਰਖਣੀਆਂ ਚਾਹੀਦੀਆਂ ਹਨ। ਦੋ ਆਦਮੀ ਇਕਠੇ ਨਹੀਂ ਸੌਣੇ ਚਾਹੀਦੇ। ਇਕ ਆਦਮੀ ਦੇ ਮੂੰਹ

Namdhari Elibrary NamdhariElibrary@gmail.com

ਵਿਚੋਂ ਨਿਕਲੀ ਗੰਦੀ ਪੌਣ ਦੂਜੇ ਨੂੰ ਹਾਨੀ ਪਹੁੰਚਾਦੀ ਹੈ, ਕਦੀ ਵੀ ਗੰਦੀ ਹਵਾ ਵਿਚ ਨ ਫਿਰੋ ।

— o —

ਦਾਤ-ਬਖਸ਼ਸ਼ ।

ਬ੍ਰਿਛ-ਬੂਟੇ, ਰੁਖ ।

(੧) ਖਾਲੀ ਥਾਵਾਂ ਭਰੋ ।

ਸਾਨੂੰ ਸਾਹ ਖੁਲ੍ਹੀ ਪੌਣ ਵਿਚ.......... ਲੈਣਾ ਚਾਹੀਦਾ ਹੈ।

Namdhari Elibrary NamdhariElibrary@gmail.com

ਮੌਤ ਨੂੰ ਮਸ਼ਕਰੀ

ਮਸ਼ਕਰੀ, ਸ਼ਹੀਦ, ਗੁਲਾਬ, ਫਸਿਆ,
ਬਿਸ਼ਨ ਸਿੰਘ ਅਥਰੂ ਆਤਮਾ

ਮਲੇਰ ਕੋਟਲੇ ਦੇ ਸ਼ਹੀਦਾਂ ਵਿਚ ਇਕ ਬਾਲਕ ਸੀ। ਉਸਦਾ ਨਾਂ ਸੀ ਬਿਸ਼ਨ ਸਿੰਘ। ਉਹ ਬੜਾ ਸੁਹਣਾ ਸੀ। ਉਸਦਾ ਮੁਖੜਾ ਗੁਲਾਬ ਦੇ ਫੁਲ ਵਰਗਾ ਸੀ। ਜਦ ਤੋਪ ਨਾਲ ਉਡਣ ਦੀ ਉਸਦੀ ਵਾਰੀ ਆਈ ਤਾਂ ਕਾਵਨ ਦੀ ਮੇਮ ਦਾ ਦਿਲ ਮੋਮ ਹੋ ਗਿਆ। ਉਸ ਕਾਵਨ ਨੂੰ ਕਹਿਆ : ਸਾਹਿਬ ! ਇਹ ਭੋਲਾ ਭਾਲਾ ਬੱਚਾ ਐਵੇਂ ਆ ਫਸਿਆ ਹੈ। ਇਸਦੀ ਜਾਨ ਬਖਸ਼ ਦੇ।

ਕਾਵਨ ਨੇ ਕਹਿਆ : ਮੈਂ ਛਡ ਸਕਦਾ ਹਾਂ ਜੇ ਇਹ ਕਹਿ ਦੇਵੇ ਮੈਂ ਰਾਮ ਸਿੰਘ ਦਾ ਸਿੱਖ ਨਹੀਂ। ਕਾਵਨ ਨੇ ਬਿਸ਼ਨ ਸਿੰਘ ਨੂੰ ਬੁਲਾਇਆ। ਕਾਵਨ ਨੇ ਬਿਸ਼ਨ ਸਿੰਘ ਨੂੰ ਆਖਿਆ : ਤੇਰੇ ਸੁਹਣੇ ਸਰੀਰ ਨੇ ਮੇਰੇ ਮਨ ਵਿਚ ਦਇਆ ਭਰ ਦਿਤੀ ਹੈ। ਤੂੰ ਕਹਿ ਦੇ ;- ਮੈਂ ਰਾਮ ਸਿੰਘ ਦਾ ਸਿਖ ਨਹੀਂ। ਮੈਂ ਤੇਨੂੰ ਛਡ ਦਿਆਂਗਾ।

ਬਿਸ਼ਨ ਸਿੰਘ ਕਹਿਆ : ਸਾਹਿਬ ! ਮੈਂ ਤੇਰੇ ਕੰਨ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਕਾਵਨ ਖੁਸ਼ ਹੋ ਗਿਆ ਕਿ ਇਹ ਕੂਕਾ ਤਾਂ ਮਾਫੀ ਮੰਗਣ ਲਗਾ ਹੈ। ਕਾਵਨ ਨੇ ਕੰਨ ਅਗੇ ਕੀਤਾ ਬਿਸ਼ਨ ਸਿੰਘ ਅਗੇ ਵਧਿਆ। ਬਿਸ਼ਨ ਸਿੰਘ ਨ ਆਖਿਆ : ਬਿਲਿਆ ਫੇਰ ਆਖੇਂਗਾ ਕਿ ਮੈਂ ਗੁਰੂ ਰਾਮ ਸਿੰਘ ਦਾ ਸਿਖ ਨਹੀਂ ?

Namdhari Elibrary NamdhariElibrary@gmail.com

ਬਿਸ਼ਨ ਸਿੰਘ ਨੇ ਦਾੜ੍ਹੀ ਵੀ ਜੋਰ ਨਾਲ ਖਿਚੀ। ਕਾਵਨ ਦੇ ਹਵਾਸ ਉਡ ਗਏ। ਸਪਾਹੀਆਂ ਕਾਵਨ ਦੀ ਦਾੜ੍ਹੀ ਛੁਡਾਣੀ ਚਾਹੀ। ਸਪਾਹੀ ਦਾੜ੍ਹੀ ਛੁਡਾ ਨਾ ਸਕੇ।

ਸਪਾਹੀਆਂ ਤਲਵਾਰ ਨਾਲ ਹੱਥ ਵਢ ਦਿਤੇ। ਸਪਾਹੀਆਂ ਤਲਵਾਰ ਨਾਲ ਸਿਰ ਲਾਹ ਦਿਤਾ। ਬੱਚੇ ਦੀ ਆਤਮਾ ਪ੍ਰਸੰਨ ਹੋ ਗਈ। ਉਹ ਸਤਿਗੁਰਾਂ ਦੇ ਚਰਨਾਂ ਵਿਚ ਜਾ ਬੈਠੀ। ਵੇਖਣ ਵਾਲੇ ਲੋਕ ਬਿਸ਼ਨ ਸਿੰਘ ਦੀ ਬਹਾਦਰੀ ਤ ਵਾਹ ਵਾਹ ਕਰ ਉਠੇ।

-: o :-

ਮਸ਼ਕਰੀ-ਮਖੌਲ।

ਸ਼ਹੀਦ-ਜਿਹੜਾ ਧਰਮ ਜਾਂ ਦੇਸ਼ ਵਾਸਤੇ ਜਾਨ ਦੇਵੇ।

ਆਤਮਾ-ਰੂਹ

ਪ੍ਰਸ਼ਨ

(੧) ਬਿਸਨ ਸਿੰਘ ਨੂੰ ਕਾਵਨ ਕੀ ਆਖਿਆ ?

(੨) ਬਿਸ਼ਨ ਸਿੰਘ ਨੇ ਕਾਵਨ ਨੂੰ ਕੀ ਉਤ੍ਰ ਦਿਤਾ ?

(੩) ਬਿਸ਼ਨ ਸਿੰਘ ਮਰਨ ਵਾਸਤੇ ਕਿਉਂ ਤਿਆਰ ਸੀ ?

(੪) ਵਾਕਾਂ ਵਿਚ ਵਰਤੋ-ਮਸ਼ਕਰੀ, ਸ਼ਹੀਦ, ਬਹਾਦੁਰੀ ਫੂਲ।

Namdhari Elibrary NamdhariElibrary@gmail.com

ਵਡਿਆਂ ਦੀ ਮਤ

ਪੰਜਾਬ ਅੰਨ ਦਾਤਾ ਮਹਾਰਾਜਾ

ਰਣਜੀਤ ਸਿੰਘ ਭੰਡਾਰੇ ਬੁਢੇ ਅਨੋਖ

ਅਸੀਂ ਪੰਜਾਬ ਵਿਚ ਰਹਿੰਦੇ ਹਾਂ। ਇਕ ਵਾਰ ਮੀਂਹ ਉੱਕਾ ਨ ਪਿਆ। ਅੰਨ–ਪੱਠਾ ਮੁਕ ਗਿਆ। ਕਾਲ ਪੈ ਗਇਆ। ਲੋਕ ਬੜੇ ਦੁਖੀ ਹੋਏ।

ਉਸ ਵੇਲੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਰਾਜ ਕਰਦਾ ਸੀ! ਮਹਾਰਾਜ ਨੇ ਅਪਣੇ ਭੰਡਾਰੇ ਖੋਲ੍ਹ ਦਿਤੇ। ਲੋੜਵੰਦ ਝੋਲੀਆਂ ਭਰ ਭਰ ਦਾਣੇ ਲੈ ਗਏ।

ਭੰਡਾਰੇ ਕੋਲ ਇਕ ਮੁਸਲਮਾਨ ਆਇਆ। ਉਸ ਵੀ ਦਾਣਿਆਂ ਦੀ ਪੰਡ ਭਰ ਲਈ। ਉਹ ਭਾਰੀ ਸੀ। ਵਿਚਾਰੇ ਪਾਸੋਂ ਚੁਕੀ ਨ ਜਾਵੇ। ਮਹਾਰਾਜਾ ਰਣਜੀਤ ਸਿੰਘ ਭੇਸ ਵਟਾਕੇ ਗੁਦਾਮ ਦੇ ਲਾਗੇ ਹੀ ਖੜਾ ਸੀ। ਅਪਣੀ ਪਰਜਾ ਦਾ ਹਾਲ ਵੇਖ ਰਹਿਆ ਸੀ। ਮਹਾਰਾਜੇ ਪੁਛਿਆ: ਬਾਬਾ ਕਿਥੇ ਜਾਣਾ ਈ?

ਬੁਢਾ : ਪੁਤਰ, ਮਜੰਗੀ। ਮੈਥੋਂ ਪੰਡ ਚੁਕੀ ਨਹੀਂ ਜਾਂਦੀ। ਘਰ ਹੋਰ ਕੋਈ ਹੈ ਨਹੀਂ। ਮੇਰੇ ਬਾਲ ਕਈ ਦਿਨਾਂ ਤੋਂ ਭੁਖੇ ਹਨ। ਅੱਲਾ ਦੀ ਕਸਮ ਮਜੂਰੀ ਦਿਆਂਗਾ। ਪੰਡ ਲੈ ਚਲ।

Namdhari Elibrary NamdhariElibrary@gmail.com

ਮਹਾਰਾਜਾ ਅਗੇ ਵਧਿਆ । ਦਾਣਿਆਂ ਦੀ ਪੰਡ ਸਿਰ ਤੇ ਚੁਕ ਲਈ। ਅਗੇ ਅਗੇ ਬੁਢਾ। ਮਗਰ ਮਗਰ ਮਹਾਰਾਜਾ। ਥੋੜੀ ਦੇਰ ਪਿਛੋਂ ਬੁਢਾ ਘਰ ਜਾ ਪੁਜਾ। ਮਹਾਰਾਜ ਨੇ ਪੰਡ ਰਖ ਦਿਤੀ।

ਜਦੋਂ ਮਹਾਰਾਜਾ ਨੇ ਸਿਰ ਉਤਾਂ ਕੀਤਾ ਤਾ ਮੂੰਹ ਤੋਂ ਚਾਦਰ ਪਰੇ ਹਟ ਗਈ । ਬੁਢੇ ਨੇ ਮਹਾਰਾਜੇ ਦਾ ਨੂਰਾਨੀ ਚਿਹਰਾ ਪਛਾਣ ਲਿਆ। ਬੁਢਾ ਹੱਕਾ ਬੱਕਾ ਰਹਿ ਗਇਆ । ਭੁਬਾਂ ਮਾਰ ਮਹਾਰਾਜੇ ਦੇ ਪੈਰਾਂ ਤੇ ਢਹਿ ਪਇਆ। ਰੋਈ ਜਾਵੇ ਤੇ ਆਖੇ : ਮੈਂ ਬਦ-ਬਖਤ ਨੇ ਇਹ ਗੁਨਾਹ ਕੀ ਕੀਤਾ। ਮਹਾਰਾਜ ਜੀ ! ਮੈਨੂੰ ਬਖਸ਼ੋ !! ਮੇਰੀ ਭੁਲ ਮਾਫ ਕਰੋ।

ਮਹਾਰਾਜੇ ਨੇ ਬੜੀ ਅਧੀਨਗੀ ਨਾਲ ਆਖਿਆ : ਬਾਬਾ। ਚੁਪ ਕਰ !! ਰੌਲਾ ਨ ਪਾ !!! ਮੈਂ ਕੋਈ ਵਖਰਾ ਕੰਮ ਨਹੀਂ ਕੀਤਾ। ਰਾਜੇ ਦਾ ਫਰਜ ਹੈ ਕਿ ਪਰਜਾ ਦੀ ਸੇਵਾ ਕਰੇ।

ਇਹ ਕਹਿ ਮਹਾਰਾਜ ਸਾਹਰ ਨਿਕਲ ਆਇਆ। ਮਹਾਰਾਜ ਆਪਣੀ ਮਹਿਲੀਂ ਪੁਜ ਗਇਆ। ਬੁਢੇ ਲੱਖ ਲੱਖ ਸ਼ੁਕਰ ਕੀਤਾ।

ਬਾਲਕੋ ! ਤੁਸੀਂ ਭੀ ਲੋੜਵੰਦਾਂ ਦੀ ਸੇਵਾ ਕਰੋ। ਜੀਵਨ ਦਾ ਇਹੋ ਮਨੋਰਥ ਹੈ ।

ਅਨੋਖਾ-ਵਖਰਾ ।
ਗੁਦਾਮ-ਉਹ ਥਾਂ ਜਿਥੇ ਅਨਾਜ ਜਾਂ ਹੋਰ ਵਸਤਾਂ ਜਮ੍ਹਾਂ ਹੁੰਦੀਆਂ ਹਨ ।

Namdhari Elibrary NamdhariElibrary@gmail.com

ਬਦ-ਬਖਤ – ਮੰਦ ਕਰਮਾਂ ।
ਅਧੀਨਗੀ-ਨਿਮਰਤਾ, ਨਰਮੀ ।

ਪ੍ਰਸ਼ਨ

(੧) ਮਹਾਰਾਜਾ ਰਣਜੀਤ ਸਿੰਘ ਨੇ ਭੰਡਾਰਾ ਕਿਉਂ ਖੋਲ੍ਹ ਦਿਤਾ ।
(੨) ਮਹਾਰਾਜਾ ਰਣਜੀਤ ਸਿੰਘ ਬੁਢੇ ਮੁਸਲਮਾਨ ਦੀ ਪੰਡ ਕਿਉਂ ਚੁਕ ਤੁਰਿਆ ?
(੩) ਇਸ ਕਹਾਣੀ ਤੋਂ ਕੀ ਸਿਖਿਆ ਮਿਲਦੀ ਹੈ ?
(੪) ਇਸ ਕਹਾਣੀ ਨੂੰ ਜ਼ਬਾਨੀ ਸੁਣਾਓ ।

Namdhari Elibrary NamdhariElibrary@gmail.com

ਰੁਖ

ਸ਼ਿੰਗਾਰ ਖੁਰਮਾਨੀਆਂ ਸੁਆਦੀ

ਆਰਾਮ ਝੂਮਦੇ ਮਾਸੂਮ

ਬਾਲਕੋ। ਰੁਖ ਰੱਬ ਨੇ ਸੰਸਾਰ ਦੇ ਸ਼ਿੰਗਾਰ ਬਣਾਏ ਹਨ। ਇਨ੍ਹਾਂ ਨੂੰ ਵੇਖਕੇ ਉਸਦਾ ਮਨ ਖਿੜ ਪੈਂਦਾ ਹੈ। ਪੌਣ ਵਿਚ ਜਦੋਂ ਰੁਖ ਝੂਮਦੇ ਹਨ, ਤਾਂ ਬੜੇ ਪਿਆਰੇ ਲਗਦੇ ਹਣ। ਇਨ੍ਹਾਂ ਨੂੰ ਝੂਮਦਿਆਂ ਵੇਖ ਮਨ ਖਿੜ ਪੈਂਦਾ ਹੈ। ਅੱਖਾਂ ਵਿਚ ਠੰਢ ਪੈਂਦੀ ਹੈ।

ਇਹ ਰੁਖ ਸਾਡੇ ਵਾਸਤੇ ਪੌਣ ਸਾਫ ਕਰਦੇ ਹਨ। ਮਨੁਖਾਂ ਦੀ ਗੰਦੀ ਹਵਾ ਆਪ ਲੈ ਲੈਂਦੇ ਹਨ। ਪਸ਼ੂਆਂ ਦੀ ਗੰਦੀ ਹਵਾ ਆਪ ਲੈ ਲੈਂਦੇ ਹਨ। ਇਹ ਸਾਨੂੰ ਚੰਗੀ ਹਵਾ ਦੇਂਦੇ ਹਨ।

ਕਈ ਰੁਖਾਂ ਨੂੰ ਫੁਲ ਲਗਦੇ ਹਨ। ਕਈ ਰੁਖਾਂ ਨੂੰ ਫਲ ਲਗਦੇ ਹਨ। ਅੰਬ, ਅਨਾਰ, ਆੜੂ, ਸੇਓ, ਸੰਤਰੇ, ਖੁਰਮਾਨੀਆਂ ਰੁਖਾਂ ਨੂੰ ਲਗਦੇ ਹਨ। ਇਹ ਫਲ ਸੁਆਦੀ ਹੁੰਦੇ ਹਨ। ਇਹ ਫਲ ਸਰੀਰ ਨੂੰ ਤਾਕਤ ਦੇਂਦੇ ਹਨ।

ਰੁਖਾਂ ਤੋਂ ਕੁਰਸੀਆਂ, ਮੇਜ, ਮੰਜੇ, ਬੂਹੇ, ਬਾਰੀਆਂ ਵੀ ਬਣਦ ਹਨ। ਰੇਲ ਦੇ ਡਬੇ ਤੇ ਬੇੜੀਆਂ ਰੁਖਾਂ ਤੋਂ ਬਣਦੇ ਹਨ। ਕਈ ਰੁਖਾਂ ਦੀ ਲਕੜੀ ਬਾਲਣ ਦੇ ਕੰਮ ਆਉਂਦੀ ਹੈ।

ਗਰਮੀਆਂ ਵਿਚ ਲੋਕ ਰੁਖਾਂ ਹੇਠ ਮੰਜੇ ਡਾਹ ਕੇ ਆਰਾਮ ਕਰਦੇ

Namdhari Elibrary NamdhariElibrary@gmail.com

ਹਨ । ਮੁੰਡੇ, ਕੁੜੀਆਂ ਪੀਂਘਾਂ ਪਾਕੇ ਖੂਬ ਝੂਟਦੇ ਹਨ। ਨਾਲੇ ਹਸਦੇ ਹਨ। ਨਾਲੇ ਗਾਉਂਦੇ ਹਨ।

ਸਿਆਣਿਆਂ ਨੇ ਪਤਾ ਕੀਤਾ ਹੈ, ਕਿ ਰੁਖ ਗਲਾਂ ਕਰਦੇ ਹਨ। ਦੁਖ ਸੁਖ ਮਹਿਸੂਸ ਕਰਦੇ ਹਨ। ਇਹਨਾਂ ਵਿਚ ਵੀ ਜਾਨ ਹੈ।

ਸਾਨੂੰ ਸਾਰਿਆਂ ਨੂੰ ਰੁਖ ਲਾਉਣੇ ਚਾਹੀਦੇ ਹਨ। ਇਹਨਾਂ ਦੀ ਰਾਖੀ ਕਰਨੀ ਚਾਹੀਦੀ ਹੈ। ਰੁਖ ਦੇਸ਼ ਦਾ ਇਕ ਬੜਾ ਧਨ ਹਨ।

-: o :-

ਮਹਿਸੂਸ ਕਰਨਾ - ਜਾਣਨਾ, ਸਮਝਦੇ ਹਨ।

ਪ੍ਰਸ਼ਨ

੧. ਰੁਖਾਂ ਦੇ ਲਾਭ ਦਸੋ ।

੨. ਖਾਲੀ ਥਾਵਾਂ ਭਰੋ :-

(ੳ) ਰੁਖ ਰੱਬ ਨੇ ...... ਬਣਾਏ ਹਨ।

(ਅ) ਨਾਲੇ......ਹਨ ਨਾਲੇ ......ਹਨ।

(ੲ) ਰੁਖ ਦੇਸ਼ ਦਾ .....ਵਡਾ ...ਹੈ।

Namdhari Elibrary NamdhariElibrary@gmail.com

ਭਾਰਤ ਮਾਂ

ਭਾਰਤ ਸਾਡੀ ਪਿਆਰੀ ਮਾਂ।
ਇਸਤੋਂ ਮੈਂ ਬਲਹਿਰੇ ਜਾਂ। ੧।

ਸੋਭਾ ਇਸਦੀ ਅਪਰ ਅਪਾਰ।
ਗੀਤ ਗਾਂਵਦੇ ਨਰ ਤੇ ਨਾਰ। ੨।

ਇਹਦੇ ਜਿਹਾ ਨ ਕੋਈ ਦੇਸ਼।
ਸੁਹਣਾ ਦੇਸ਼, ਸੁਹਣਾ ਵਜ। ੩।

ਬਾਗ ਬਗੀਚੇ ਨਦੀਆਂ ਨਾਲੇ।
ਵਧੀਆ ਫੁਲ ਸੁਗੰਧੀ ਵਾਲੇ। ੪।

ਗੂੰਜਣ ਭੌਰੇ, ਗਾਵਣ ਗੀਤ।
ਫੁਲਾਂ ਨਾਲ ਜਿਨ੍ਹਾਂ ਦੀ ਪ੍ਰੀਤ। ੫।

ਕੋਇਲ ਕਰਦੀ ਕੂ, ਕੂ, ਕੂ।
'ਜਿਤ ਵਲ ਵੇਖਾਂ ਤੂੰ ਈ ਤੂੰ'। ੬।

ਬੁਲ ਬੁਲ ਗਾਵੇ ਤਰਾਨੇ ਮਿਠੇ।
ਕਿਧਰੇ ਸੁਣੇ, ਕਿਤੇ ਨ ਡਿਠੇ। ੭।

ਮੈਂ ਇਸਤੋਂ ਬਲਿਹਾਰੇ ਜਾਂ।
ਭਾਰਤ ਸਾਡੀ ਪਿਆਰੀ ਮਾਂ। ੮।

ਸ੍ਰੀ 'ਆਲਿਮ' ਜੀ

Namdhari Elibrary NamdhariElibrary@gmail.com

ਬਲਿਹਾਰੇ-ਵਾਰਨੇ ।
ਤਰਾਨੇ-ਗੀਤ ।
ਸੁਗੰਧੀ-ਖੁਸ਼ਬੂ ।

ਪ੍ਰਸ਼ਨ

(੧) ਸਾਡੇ ਦੇਸ਼ ਦਾ ਕੀ ਨਾਂ ਹੈ ?
(੨) ਇਸ ਵਿਚ ਕੀ ਕੀ ਖੂਬੀਆਂ ਹਨ ।

Namdhari Elibrary NamdhariElibrary@gmail.com

ਰਾਮ ਰੇਲ

ਹਸਦਿਆਂ ਲੰਮ-ਸਲੰਮੀ ਲਾਹੌਰ
ਇੰਜਨ ਸਲੋਤਰ ਬੰਬਾ

'ਬਾਲਕੋ ! ਤੁਸਾਂ ਰੇਲ ਵੇਖੀ ਹੈ ?'

"ਹਾਂ ! ਗੁਰੂ ਜੀ, ਅਸਾਂ ਰੇਲ ਵੇਖੀ ਹੈ।" ਬਾਲਕ ਹਸਦਿਆਂ ਹਸਦਿਆਂ ਉੱਤਰ ਦਿਤਾ।

ਅਧਿ :- ਬਹੁਤ ਅੱਛਾ ! ਦਸੋ ਰੇਲ ਕੈਸੀ ਹੁੰਦੀ ਹੈ ?

ਇਕ ਬਾਲਕ : ਗੁਰੂ ਜੀ, ਰੇਲ ਲੰਮ-ਸਲੰਮੀ ਹੁੰਦੀ ਹੈ। ਕਈ ਡੱਬੇ ਹੁੰਦੇ ਹਨ। ਅਗੇ ਇੰਜਨ ਹੁੰਦਾ ਹੈ।

ਅਧਿ :- ਵਾਹ ਭਾਈ ਵਾਹ ! ਤੂੰ ਤਾਂ ਬੜਾ ਸਿਆਣਾ ਹੈਂ। ਆਓ। ਅਜ ਤੁਹਾਨੂੰ ਇਕ ਨਵੀਂ ਰੇਲ ਦੀ ਕਥਾ ਸੁਣਾਦੇ ਹਾਂ।

ਸਾਰੇ ਬਾਲਕ : (ਖੁਸ਼ੀ ਨਾਲ) ਸੁਣਾਓ, ਗੁਰੂ ਜੀ। ਸੁਣਾਉ।! ਧੰਨ ਭਾਗ !!!

ਅਧਿ ; ਥੋੜਾ ਸਮਾਂ ਹੋਇਆ ਹੈ। ਉਸ ਵੇਲੇ ਇਕ ਬੜੇ ਉਚੇ ਸਾਧੂ ਹੋਏ ਹਨ। ਉਨ੍ਹਾਂ ਨੂੰ ਕੇਸਰ ਕੇਸਰ ਕਹਿੰਦੇ ਸਨ। ਉਹ ਬੜੇ ਭਜਨੀਕ ਸਨ। ਸੁਣਦੇ ਹੋ ?

ਬਾਲਕ : ਹਾਂ ਗੁਰੂ ਜੀ, ਸੁਣਦੇ ਹਾਂ ਕਰ ਕ੍ਰਿਪਾ।

Namdhari Elibrary NamdhariElibrary@gmail.com

ਅਧਿ : ਇਕ ਦਿਨ ਉਨ੍ਹਾਂ ਪਞ ਮੀਲ ਤੋਂ ਲਾਹੌਰ ਜਾਣਾ ਸੀ। ਉਨ੍ਹਾਂ ਸਿੱਖਾਂ ਸਾਧਾਂ ਨੂੰ ਇੱਕਠਾ ਕਰ ਲਿਆ। ਇਕ ਕਤਾਰ ਵਿੱਚ ਖਲਾਰ ਲਿਆ। ਇਕ ਲੰਮੇ ਸਿਖ ਨੂੰ ਅਗੇ ਖੜਾ ਕਰ ਲਿਆ। ਆਖਿਆ। ਪੁਤ ਤੂੰ ਬੰਬਾ ਹੈਂ ਤੇ ਮੈਂ ਗਾਡ ਹੋਇਆ। ਮੇਰਾ ਸਲੋਤਰ ਝੰਡੀ ਹੈ।

ਸਾਰੇ : ਵਾਹ ਗੁਰੂ ਜੀ ਵਾਹ। ਇਹ ਤਾਂ ਬੜੀ ਚੰਗੀ ਰੇਲ ਹੈ।

ਅਧਿ : ਤੁਸੀਂ ਸਾਰੇ ਭਜਨ ਕਰੋ। ਇੰਜਨ ਨੇ ਚੀਕ ਮਾਰੀ। ਪਤਾ ਜੇ ਇੰਜਨ ਨੇ ਚੀਕ ਕਿਵੇਂ ਮਾਰੀ ?

ਬਾਲਕ ; (ਹਸਦਿਆਂ ਹਸਦਿਆਂ) ਨਹੀਂ ਗੁਰੂ ਜੀ, ਦਸੋ।

ਅਧਿ : ਤੁਸੀਂ ਵੀ ਚੀਕ ਮਾਰਨ ਵਾਸਤੇ ਤਿਆਰ ਹੋ ਜਾਓ। (ਉਚੀ ਬਾਂਹ ਕਰਕੇ) ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਸਾਰੇ ਬਾਲਕ : (ਉਚੀ ਬਾਂਹ ਕਰਕੇ) ਸਤਿ ਸ੍ਰੀ ਅਕਾਲ।

ਅਧਿ : ਗੱਡੀ ਫੱਫ ਫੱਫ ਕਰਦੀ ਟੁਰ ਪਈ (ਭਜਨ ਕਰਦੀ) ਪਤਾ ਨਹੀਂ ਕਿਹੜੇ ਵੇਲੇ ਅੱਧਾ ਪੈਂਡਾ ਮੁਕ ਗਿਆ। ਇੰਜਣ ਨੂੰ ਬਦਲ ਲਿਆ। ਕੁਝ ਦਮ ਲੈਕੇ ਫੇਰ ਟੁਰ ਪਈ। ਸੂਰਜ ਡੁਬਣ ਤੋਂ ਪਹਿਲਾਂ ੨ ਲਾਹੌਰ ਪੁਜ ਗਈ।

ਇਕ ਬਾਲਕ : ਗੁਰੂ ਜੀ, ਉਹ ਤਾਂ ਬੜੇ ਕਰਨੀ ਵਾਲੇ ਸਾਧੂ ਸਨ।

ਅਧਿ : ਕਾਕਾ। ਉਹ ਐਸੇ ਹੀ ਸਨ। ਹਰ ਵੇਲੇ ਭਜਨ ਕਰਦੇ ਰਹਿੰਦੇ ਸਨ। ਸ਼ਬਦ ਪੜ੍ਹਦੇ ਸਨ। ਸਾਧ ਸੰਗਤ ਦੀ ਸੇਵਾ ਕਰਦੇ ਸਨ। ਏਸੇ ਵਾਸਤੇ ਇਹ ਬਾਬੇ ਨਾਨਕ ਵਾਲੀ ਸ਼ਕਤੀ ਆ ਗਈ। ਸਾਰੇ ਆਖੋ। ਧੰਨ ਬਾਬਾ ਕੇਸਰ !!

Namdhari Elibrary NamdhariElibrary@gmail.com

ਸਾਰੇ ਬਾਲਕ : ਧੰਨ ਬਾਬਾ ਕੇਸਰ।

ਅਧਿ : ਧੰਨ ਗੁਰੂ ਹਰੀ ਸਿੰਘ ਜੀ।

ਬਾਲਕ : ਧੰਨ ਗੁਰੂ ਹਰੀ ਸਿੰਘ ਜੀ।

ਅਧਿ : ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ।

ਬਾਲਕ : ਧੰਨ ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ।

-: O :-

ਕਰਨੀ ਵਾਲੇ–ਕਰਾਮਾਤ ਵਾਲੇ, ਸ਼ਕਤੀ ਵਾਲੇ।

ਭਜਨੀਕ-ਭਜਨ ਕਰਨ ਵਾਲੇ।

ਪ੍ਰਸ਼ਨ

(੧) ਬਾਬਾ ਕੇਸਰ ਜੀ ਵਿਚ ਇਹ ਸ਼ਕਤੀ ਕਿਵੇਂ ਆ ਗਈ?

(੨) ਵਾਕ ਬਣਾਓ ;- ਸ਼ਕਤੀ, ਸ਼ਬਦ, ਰੇਲ, ਇੰਜਨ।

NamdhariElibrary NamdhariElibrary@gmail.com

ਕਾਰੂੰ ਨੂੰ ਉਪਦੇਸ਼

ਖਜ਼ਾਨੇ	ਸੁਧਾਰਨ	ਮਰਦਾਨਾ
ਸਾਂਭਣ	ਮੁਰਸ਼ਦ	ਬੰਦਗੀ

ਇਕ ਸੀ ਰਾਜਾ । ਉਸ ਦਾ ਨਾਂ ਸੀ ਕਾਰੂੰ । ਕਾਰੂੰ ਗ਼ਰੀਬਾਂ ਨੂੰ ਲੁਟ ਲੁਟ ਖਜ਼ਾਨੇ ਭਰ ਲਏ । ਪਰਜਾ ਬੜੀ ਦੁਖੀ ਹੋਈ। ਗੁਰੂ ਨਾਨਕ ਜੀ ਉਸ ਨੂੰ ਸੁਧਾਰਨ ਵਾਸਤੇ ਉਸ ਦੇਸ਼ ਗਏ ।

ਗੁਰੂ ਜੀ ਇਕ ਸੂਈ ਮਰਦਾਨੇ ਨੂੰ ਦਿਤੀ ਗੁਰੂ ਜੀ ਮਰਦਾਨੇ ਨੂੰ ਆਖਿਆ ਕਾਰੂੰ ਨੂੰ ਸੂਈ ਦੇ ਆ । ਤਾਕਿ ਉਹ ਇਸ ਨੂੰ ਸਾਂਭ ਰਖੇ, ਅਸੀਂ ਇਹ ਸੂਈ ਅਗਲੇ ਜਹਾਨ ਲਵਾਂਗੇ ।

ਮਰਦਾਨਾ ਕਾਰੂੰ ਦੇ ਦਰਬਾਰ ਪੁਜਾ ਤੇ ਸੂਈ ਸਾਂਭਣ ਲਈ ਆਖਿਆ । ਕਾਰੂੰ ਇਹ ਸੰਭਾਲ ਸੁਣਕੇ ਬੜਾ ਹੈਰਾਨ ਹੋਇਆ । ਉਸ ਪੁਛਿਆ : ਤੇਰਾ ਮੁਰਸ਼ਦ ਕਿਥੇ ਹੈ ? ਮੇਰਾ ਮੁਰਸ਼ਦ ਬਾਹਰ ਹੈ, ਮਰਦਾਨੇ ਆਖਿਆ । ਕੌਣ ਹੈ ? ਉਹ ਹੈ : ਗੁਰੂ ਨਾਨਕ ।

ਕਾਰੂੰ ਮਰਦਾਨੇ ਦੇ ਨਾਲ ਟੁਰ ਪਿਆ । ਬੜੇ ਅਦਬ ਨਾਲ ਗੁਰੂ ਜੀ ਕੋਲ ਜਾ ਬੈਠਾ। ਸਾਈਂ ਬਾਦਸ਼ਾਹੋ ਇਹ ਸੂਈ ਅਗੇ ਨਹੀਂ ਜਾ ਸਕਦੀ।

ਗੁਰੂ ਜੀ : ਨਹੀਂ ਜਾ ਸਕਦੀ ?

NamdhariElibrary NamdhariElibrary@gmail.com

ਕਾਰੂੰ : ਨਹੀਂ ਮਹਾਰਾਜ।

ਗੁਰੂ ਜੀ : ਇਹ ਖਜਾਨੇ ਕਿਵੇਂ ਜਾਣਗੇ ?

ਕਾਰੂੰ : ਇਹ ਬਚਨ ਸੁਣ ਹੈਰਾਨ ਹੋ ਗਿਆ। ਨਹੀਂ ਜਾ ਸਕਦੇ ਮਹਾਰਾਜ ! ਕਾਰੂੰ ਕਹਿਆ।

ਗੁਰੂ ਜੀ : ਫਰ ਦੋਲਤ ਦਾ ਕੀ ਲਾਭ ? ਕਾਰੂੰ ਦੇ ਪਾਪ ਕੰਬ ਖਲੋਤੇ ਤੇ ਕਹਿਆ ਕੀ ਕਰਾਂ ?

ਗੁਰੂ ਜੀ : ਗ਼ਰੀਬ ਪਰਜਾ ਨੂੰ ਵੰਡ ਦੇ। ਉਹ ਤੇਰੇ ਹੱਕ ਵਿਚ ਅਰਦਾਸ ਕਰੇਗੀ। ਤੇਰੇ ਪਾਪ ਬਖਸ਼ੇ ਜਾਣਗੇ।

ਕਾਰੂੰ ਨੇ ਬੜੇ ਅਦਬ ਨਾਲ ਮੱਥਾ ਟੇਕਿਆ। ਹੁਕਮ ਮੰਨ ਲਿਆ। ਸਾਰੀ ਦੋਲਤ ਗ਼ਰੀਬਾਂ ਵਿਚ ਵੰਡ ਦਿਤੀ। ਸਾਰੀ ਪਰਜਾ ਗੁਰੂ ਜੀ ਦੇ ਚਰਨਾਂ ਤੇ ਆ ਡਿਗੀ। ਸਾਰੇ ਲੋਕ ਖ਼ੁਸ਼ ਹੋ ਗਏ। ਰਾਜਾ ਪਰਜਾ ਬੰਦਗੀ ਕਰਨ ਲਗ ਪਏ।

-: o :-

ਬੰਦਗੀ-ਭਗਤੀ।

ਮੁਰਸ਼ਦ-ਉਪਦੇਸ਼ ਦੇਣ ਵਾਲਾ।

ਪ੍ਰਸ਼ਨ

(੧) ਗੁਰੂ ਨਾਨਕ ਦੇਵ ਕਾਰੂੰ ਨੂੰ ਸੁਧਾਰਨ ਵਾਸਤੇ ਕੀ ਢੰਗ ਵਰਤਿਆ ?

(੨) ਗੁਰੂ ਜੀ ਦੇ ਉਪਦੇਸ਼ ਦਾ ਕਾਰੂੰ ਤੇ ਕੀ ਅਸਰ ਹੋਇਆ ?

(੩) ਇਹ ਸਾਖੀ ਅਪਣੇ ਮਾਤਾ ਪਿਤਾ ਨੂੰ ਸੁਣਾਓ।

Namdhari Elibrary NamdhariElibrary@gmail.com

ਬੀਰ ਪੋਰਸ

ਪੰਜਾਬ ਸਕੰਦਰ ਮੁਕਾਬਲਾ

ਨਿਧੜਕ ਇਲਾਕਾ ਮਿੱਤਰ

ਬੜੀ ਦੇਰ ਦੀ ਗਲ ਹੈ। ਪੰਜਾਬ ਵਿਚ ਰਾਜਾ ਪੋਰਸ ਰਾਜ ਕਰਦਾ ਸੀ। ਯੂਨਾਨ ਦਾ ਰਾਜਾ ਸਕੰਦਰ ਸੀ । ਉਹ ਬੜਾ ਲਾਲਚੀ ਸੀ। ਉਹ ਸੰਸਾਰ ਦਾ ਰਾਜ ਚਾਹੁੰਦਾ ਸੀ।

ਸਕੰਦਰ ਜਿਤਦਾ ਜਿਤਦਾ ਭਾਰਤ ਆਇਆ। ਪੋਰਸ ਨੇ ਸੈਨਾ ਇਕੱਠੀ ਕਰ ਲਈ। ਬੜੀ ਭਾਰੀ ਲੜਾਈ ਹੋਈ । ਬਦੇਸ਼ੀਆਂ ਨੂੰ ਨਾਨੀ ਚੇਤੇ ਕਰਾ ਦਿਤੀ।

ਸਕੰਦਰ ਬੜਾ ਫਰੇਬੀ ਸੀ। ਉਸ ਰਾਤੋਂ ਰਾਤ ਉਪਰੋਂ ਵਲਕੇ ਆ ਹੱਲਾ ਕੀਤਾ । ਪੋਰਸ ਨੂੰ ਅਗੋਂ ਪਿਛੋਂ ਘੇਰ ਲਿਆ ਪੋਰਸ ਫੇਰ ਵੀ ਬਹਾਦੁਰੀ ਨਾਲ ਲੜਦਾ ਰਹਿਆ । ਦੋਹਾਂ ਦਾ ਬੜਾ ਨੁਕਸਾਨ ਹੋਇਆ। ਮਗਰ ਪੋਰਸ ਨੂੰ ਹਾਰ ਹੋਈ ।

ਪੋਰਸ ਫੜਿਆ ਗਿਆ । ਪੋਰਸ ਨੂੰ ਤਲਵਾਰਾਂ ਦੇ ਘੇਰੇ ਵਿਚ ਸਕੰਦਰ ਸਾਹਮਣੇ ਲਿਆਂਦਾ ਗਿਆ ।

ਸਕੰਦਰ : ਪੋਰਸ । ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ?

ਪੋਰਸ : ਜੋ ਬਾਦਸ਼ਾਹ ਨੂੰ ਬਾਦਸ਼ਾਹ ਨਾਲ ਕਰਨਾ ਚਾਹੀਦਾ ਹੈ।

Namdhari Elibrary NamdhariElibrary@gmail.com

ਇਹ ਬੇ-ਖੌਫ ਜਵਾਬ ਸੁਣਕੇ ਸਕੰਦਰ ਦੇ ਸਪਾਹੀ ਹੱਕੇ ਬੱਕੇ ਰਹਿ ਗਏ। ਉਹ ਸੋਚਦੇ ਸਨ, ਪੋਰਸ ਮਾਫੀ ਮੰਗੇਗਾ, ਤਰਲੇ ਕਰੇਗਾ। ਸੁਲ੍ਹਾ ਵਾਸਤੇ ਬੇਨਤੀ ਕਰੇਗਾ। ਮਗਰ ਸਕੰਦਰ ਬੜਾ ਖੁਸ਼ ਹੋਇਆ। ਉਹ ਜਾਣ ਗਿਆ ਕਿ ਭਾਰਤੀਆਂ ਨੂੰ ਜਿਤਣਾ ਸੌਖਾ ਕੰਮ ਨਹੀਂ। ਸਕੰਦਰ ਨੇ ਪੋਰਸ ਦਾ ਇਲਾਕਾ ਮੋੜ ਦਿਤਾ। ਦੋਵੇਂ ਰਾਜੇ ਮਿੱਤਰ ਬਣ ਗਏ। ਠੀਕ ਹੈ, ਬੀਰਤਾ ਜੇਹਾ ਕੋਈ ਮਿੱਤਰ ਨਹੀਂ ਤੇ ਕਾਇਰਤਾ ਵਰਗਾ ਦੁਸ਼ਮਣ।

-: ੦ :-

ਬੀਰਤਾ-ਬਹਾਦੁਰੀ।

ਕਾਇਰਤਾ-ਡਰਾਕਲਪਨ ।

ਨਿਧੜਕ-ਬੇ-ਖੌਫ ।

ਪ੍ਰਸ਼ਨ

(੧) ਖਾਲੀ ਸਥਾਨ ਪੂਰ ਕਰੋ :

(ੳ) ਸਕੰਦਰ ਬੜਾ........ ਸੀ।

(ਅ) ਬੀਰਤਾ ਜੇਹਾ ਕੋਈ............ ਨਹੀਂ ਤੇ ਕਾਇਰਤਾ ਜੇਹਾ.............।

Namdhari Elibrary NamdhariElibrary@gmail.com

ਭਾਖੜਾ ਨੰਗਲ

ਭਾਖੜਾ ਨੰਗਲ ਬਿਜਲੀ-ਇੰਜਨ
ਸਾਗਰ ਛਪੰਜਾਂ ਸਤਲੁਜ

ਵਿਚ ਪਹਾੜਾਂ ਹੈ, ਇਕ ਥਾਂ।
ਭਾਖੜਾ ਲੈਂਦੇ ਉਸ ਦਾ ਨਾਂ।

ਉਸ ਤੋਂ ਸਤ ਮੀਲ ਕੋਈ ਥਲੇ।
ਨੰਗਲ ਵਸਦਾ ਪੂਰਬ ਵਲੇ।

ਕੋਲ ਦੋਹਾਂ ਦੇ ਸਤਿਲੁਜ ਵਗ।
ਬਿਜਲੀ ਇੰਜਨ ਏਥੇ ਲਗੇ।

ਭਾਖੜਾ ਬੰਨ੍ਹ ਹੈ ਅਜਬ ਬਨਾਇਆ।
ਪਾਣੀ ਇਸ ਵਿਚ ਜਮ੍ਹਾ ਕਰਵਾਇਆ।

ਗੋਬਿੰਦ ਸਾਗਰ ਇਸ ਨੂੰ ਆਖਣ।
ਮੀਲ ਛਪੰਜਾ ਇਸਨੂੰ ਨਾਪਣ।

ਸੱਤ ਸੌ ਫੁਟ ਤੋਂ ਪਾਣੀ ਆਉ।
ਬਿਜਲੀ ਇੰਜਨ ਆ ਚਲਾਉ।

-ਬੂਟਾ ਸਿੰਘ 'ਕੰਵਲ

ਪ੍ਰਸ਼ਨ

(੧) ਭਾਖੜੇ ਬੰਨ੍ਹ ਦਾ ਵਰਨਣ ਕਰੋ।
(੨) ਇਸ ਝੀਲ ਦਾ ਨਾਉਂ ਗੋਬਿੰਦ ਸਾਗਰ ਕਿਉਂ ਹੈ ?

Namdhari Elibrary NamdhariElibrary@gmail.com

ਸੇਵਾ ਤੋਂ ਮੇਵਾ

ਸੰਗਤਾਂ	ਦਰਬਾਰ	ਲੰਗਰ	ਬੰਨ੍ਹਿਆਂ
ਮੰਝ	ਢੂੰਡਣ		ਬੇਹਿਥਾ

ਗੁਰੂ ਅਰਜਨ ਦੇਵ ਜੀ ਮਹਾਰਾਜ ਸੰਗਤਾਂ ਨੂੰ ਤਾਰ ਰਹੇ ਸਨ ਉਹਨਾਂ ਦੇ ਦਰਬਾਰ ਵਿਚ ਇਕ ਸਿਖ ਸੀ। ਉਸਦਾ ਨਾਂ ਸੀ ਭਾਈ ਮੰਝ। ਇਹ ਬੜਾ ਸਿਦਕੀ ਸਿਖ ਸੀ। ਇਹ ਲੰਗਰ ਵਾਸਤੇ ਲਕੜਾਂ ਲਿਆਇਆ ਕਰਦਾ ਸੀ।

ਇਕ ਦਿਨ ਲਕੜਾਂ ਲੈਣ ਜੰਗਲ ਨੂੰ ਗਇਆ। ਸੁਕੀਆਂ ਲਕੜਾਂ ਇਕਠੀਆਂ ਕੀਤੀਆਂ ਗਠਾ ਬੰਨ੍ਹਿਆ। ਇਕ ਰਾਹੀ ਦੀ ਮਦਦ ਨਾਲ ਚੁਕਿਆ। ਗਠਾ ਲੈਕੇ ਸ਼ਹਿਰ ਨੂੰ ਟੁਰ ਪਿਆ।

ਸ਼ਹਿਰ ਨੂੰ ਟੁਰਿਆ ਹੀ ਸੀ ਕਿ ਅੰਨੇਰੀ ਆ ਗਈ। ਅੰਨੇਰੀ ਨਾਲ ਰਾਹ ਲਭਣਾ ਬੰਦ ਹੋ ਗਿਆ। ਰਾਹ ਭੁਲ ਗਿਆ ਵਿਚਾਰਾ ਖੂਹ ਵਿਚ ਜਾ ਡਿਗਾ ਪਰ ਲਕੜਾਂ ਨਾਂ ਡਿਗਣ ਦਿਤੀਆਂ।

ਓਦਰ ਜਦ ਭਾਈ ਜੀ ਨੂੰ ਦੇਰ ਹੋ ਗਈ ਤਾਂ ਸਿਖਾਂ ਸਾਧਾਂ ਨੂੰ ਫਿਕਰ ਲਗਾ। ਗੁਰੂ ਜੀ ਨੂੰ ਵੀ ਚਿੰਤਾ ਹੋਈ। ਗੁਰੂ ਜੀ ਸਿਖਾਂ ਨੂੰ ਨਾਲ ਲੈਕੇ ਆਪ ਢੂੰਡਣ ਗਏ। ਬਾਹਰ ਜਾ ਸਿਖਾਂ ਨੇ ਉੱਚੀ ਉੱਚੀ ਵਾਜਾਂ ਮਾਰੀਆਂ ਭਾਈ ਮੰਝ ਅਵਾਜਾਂ ਸੁਣ ਅਗੋਂ ਧੰਨ ਗੁਰੂ ਅਰਜਨ ਕਹਿ ਅਵਾਜਾ ਦਿਤਾ।

Namdhari Elibrary NamdhariElibrary@gmail.com

ਅਵਾਜ ਸੁਣ ਸਿਖਾਂ ਨੂੰ ਬੜੀ ਖੁਸ਼ੀ ਹੋਈ । ਪਰ ਵੇਖਦੇ ਹਨ ਕਿ ਭਾਈ ਜੀ ਖੂਹ ਵਿਚ ਡਿਗੇ ਪਏ ਹਨ । ਉਸ ਵੇਲੇ ਰੱਸੇ ਮੰਗਵਾਏ ਉਹਨਾਂ ਨੂੰ ਖੂਹ ਵਿਚ ਲਮਕਾਇਆ । ਗੁਰੂ ਜੀ ਆਪ ਬਚਨ ਕੀਤਾ ਭਾਈ ਮੰਝ ਰਸੇ ਨੂੰ ਫੜ ਲਵੋ । ਤੁਹਾਨੂੰ ਬਾਹਰ ਖਿਚੀਏ । ਭਾਈ ਮੰਝ ਉਤਰ ਦਿਤਾ ਸਚੇ ਪਾਤਸ਼ਾਹ ਪਹਿਲਾਂ ਲਕੜਾਂ ਕਢਵਾਓ, ਫੇਰ ਆਪ ਮੈਂ ਆਵਾਂਗਾ ਕਿਤੇ ਲਕੜਾਂ ਭਿਜ ਨਾ ਜ਼ਾਣ।

ਭਾਈ ਮੰਝ ਦੀ ਇਸ ਦਸ਼ਾ ਵੇਖ ਸਿਖਾਂ ਨੇ ਕਿਹਾ ਧੰਨ ਹੈ ਭਾਈ ਮੰਝ ਤੇ ਧੰਨ ਹਨ ਗੁਰੂ ਅਰਜਨ ਦੇਵ । ਭਾਈ ਮੰਝ ਨੇ ਪਹਿਲਾਂ ਲਕੜਾਂ ਬੰਨ੍ਹੀਆਂ ਫੇਰ ਆਪ ਬਾਹਰ ਆਇਆ । ਚਰਨਾਂ ਤੇ ਮੱਥਾ ਟਕਿਆ ।

ਭਾਈ ਮੰਝ ਤਾਂ ਗਲ ਤਕ ਭਿਜਾ ਪਿਆ ਸੀ, ਮਗਰ ਬਾਲਣ ਸੁਕਾ ਸੀ। ਗੁਰੂ ਜੀ ਭਾਈ ਮੰਝ ਨੂੰ ਛਾਤੀ ਨਾਲ ਲਾਇਆ ਤੇ ਆਖਿਆ:- ਨਿਹਾਲ ਸਿਖਾ । ਨਿਹਾਲ ਸਿਖਾ ॥ ਇਸਦੇ ਨਾਲ ਹੀ ਇਹ ਵੀ ਬਚਨ ਕੀਤਾ ।

ਮੰਝ ਪਿਆਰਾ ਗੁਰੂ ਕਓ ਗੁਰ ਮੰਝ ਪਿਆਰਾ ।
ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ ।

-: o :-

ਬੋਹਿਥਾ- ਜਹਾਜ਼

ਸਿਦਕੀ- ਭਰੋਸੇ ਵਾਲਾ ।

Namdhari Elibrary NamdhariElibrary@gmail.com

ਪ੍ਰਸ਼ਨ

੧. ਭਾਈ ਮੰਝ ਕੀ ਸੇਵਾ ਕਰਦੇ ਸਨ ?

੨. ਭਾਈ ਮੰਝ ਖੂਹ ਵਿਚ ਲਕੜਾਂ ਕਿਉਂ ਚੁਕੀ ਰਖੀਆਂ ?

੩, ਖਾਲੀ ਸਥਾਨ ਭਰੋ :-

ਮੰਝ ਪਿਆਰਾ......ਕਉ ਗੁਰ ਮੰਝ ਪਿਆਰਾ।

ਮੰਝ ਗੁਰੂ ਕਾ.........ਜਗ.........ਹਾਰਾ।

Namdhari Elibrary NamdhariElibrary@gmail.com

ਦੂਜੇ ਦੇ ਧਰਮ ਦੀ ਕਦਰ

ਰਣਜੀਤ ਸਿੰਘ ਮੁਸਲਮਾਨ ਮੌਲਵੀ

ਮਨਜ਼ੂਰ ਦਖਲ

ਪੰਜਾਬ ਵਿਚ ਸਿਖ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਰਾਜਾ ਸੀ। ਉਹ ਭਲਾ ਲੋਕ ਸੀ। ਆਪਣੇ ਧਰਮ ਦਾ ਪਕਾ ਸੀ ਤੇ ਦੂਜੇ ਦੇ ਧਰਮ ਨੂੰ ਪੂਰੀ ਖੁਲ ਸੀ।

ਇਕ ਵੇਰ ਕੁਝ ਸਰਦਾਰਾਂ ਅਰਜ ਕੀਤੀ - ਮਹਾਰਾਜ ਮੁਸਲਮਾਨ ਦੀ ਬਾਂਗ ਬੰਦ ਕਰੋ। ਸਿਖ ਰਾਜ ਵਿਚ ਇਹ ਠੀਕ ਨਹੀਂ। ਮਹਾਰਾਜ ਕੁਝ ਦੇਰ ਚੁਪ ਹੋ ਗਏ। ਕੁਝ ਸੋਚ ਕੇ ਕਹਿਆ ਚੰਗਾ ਮੁਸਲਮਾਨਾਂ ਨੂੰ ਬੁਲਾਓ। ਹੁਕਮ ਸੁਣ ਸਿਆਣੇ ਸਿਆਣੇ ਮੁਸਲਮਾਨ ਮਹਾਰਾਜ਼ ਪਾਸ ਆ ਗਏ।

ਮਹਾਰਾਜ- ਮੌਲਵੀ ਜੀ ਤੁਸੀਂ ਬਾਂਗ ਕਿਉਂ ਦਿੰਦੇ ਹੋ ?

ਮੌਲਵੀ- ਮਹਾਰਾਜ । ਦੀਨ ਭਰਾਵਾਂ ਨੂੰ ਨਿਮਾਜ਼ ਪੜ੍ਹਨ ਵਾਸਤੇ ਬੁਲਾਂਦੇ ਹਾਂ ?

ਮਹਾਰਾਜ -ਇਹੋ ਗਲ।

ਮੌਲਵੀ- ਹਾਂ ਹਜ਼ੂਰ ਇਹੋ ਗਲ ਹੈ।

ਮਹਾਰਾਜ- ਸਰਦਾਰੋ ਸੁਣਦੇ ਹੋ ?

ਸਰਦਾਰ ! ਹਾਂ ਮਹਾਰਾਜ । ਸੁਣਦੇ ਹਾਂ।

Namdhari Elibrary NamdhariElibrary@gmail.com

ਮਹਾਰਾਜ– ਪੰਜਾਬ ਵਿਚ ਬਾਂਗ ਬੰਦ ਕੀਤੀ ਜਾਂਦੀ ਹੈ. ਮਗਰ ਤੁਸੀਂ ਨਿਮਾਜ ਵੇਲੇ ਮੁਸਲਮਾਨਾਂ ਨੂੰ ਘਰ ਘਰ ਜਾਕੇ ਸਦਾ ਦੇ ਆਇਆ ਕਰੋ।

ਸ੍ਰ - ਬਹੁਤ ਅਛਾ ਮਹਾਰਾਜ। ਮਨਜੂਰ ਹੈ। ਮਹਾਰਾਜ। ਮੌਲਵੀ ਸਾਹਿਬ ।। ਤੁਸੀਂ ਅਜ ਤੋਂ ਬਾਂਗ ਬੰਦ ਕਰ ਦਿਓ ਨਿਮਾਜ਼ ਵਾਂਸਤੇ ਬੁਲਾਉਣ ਦਾ ਕੰਮ ਸ੍ਰਦਾਰ ਕਰਨਗੇ। ਕਿਉਂ ਭਾਈ ਸਰਦਾਰੋ ਠੀਕ ਹੈ ?

ਸਾਰੇ ਸ੍ਰਦਾਰ ਹਾਂ ਮਹਾਰਾਜ ਬਿਲਕੁਲ ਠੀਕ ਹੈ। ਸਾਰੇ ਸ੍ਰਦਾਰ ਖੁਸ਼ੀ ੨ ਘਰਾਂ ਨੂੰ ਮੁੜਦੇ ਗਏ। ਮੁਸਲਮਾਨਾਂ ਬਾਂਗ ਦੇਣੀ ਬੰਦ ਕਰ ਦਿਤੀ। ਸਿਖ ਸ੍ਰਦਾਰਾਂ ਪੰਜੇ ਵੇਲੇ ਮੁਸਲਮਾਨਾਂ ਦੇ ਘਰੀਂ ਜਾ ਜਾ ਬੁਲਾਉਣਾ ਸ਼ੁਰੂ ਕਰ ਦਿਤਾ।

ਇਕ ਦੋ ਮਹੀਨੇ ਤਾਂ ਸਭ ਨੂੰ ਵੇਲੇ ਸਿਰ ਖਬਰ ਕੀਤੀ ਮਗਰ ਰੋਜ ਦਾ ਕੰਮ ਔਖਾ ਜਾਪਿਆ। ਥੋੜੇ ਸਮੇਂ ਪਿਛੋਂ ਹੀ ਸਾਰੇ ਸਰਦਾਰ ਮਹਾਰਾਜ ਪਾਸ ਪੁਜੇ। ਅਰਜ ਕੀਤੀ ਮਹਾਰਾਜ ! ਬਾਂਗ ਦੀ ਖੁਲ੍ਹ ਕਰੋ। ਸਾਥੋਂ ਕਈ ਵੇਰ ਵੇਲਾ ਖੁੰਝ ਜਾਂਦਾਂ ਹੈ। ਮਹਾਰਾਜੇ ਨੇ ਕਿਹਾ, ਜੇ ਤੁਸੀਂ ਬੰਦੋਬਸਤ ਨਹੀਂ ਕਰ ਸਕਦੇ ਤਾਂ ਮੁਸਲਮਾਨਾਂ ਨੂੰ ਬਾਂਗ ਦੀ ਖੁਲ੍ਹ ਹੈ। ਕੋਈ ਸਰਦਾਰ ਉਹਨਾਂ ਦੇ ਧਰਮ ਵਿਚ ਦਖਲ ਨਾ ਦੇਵੇ।

ਬਾਲਕੋ ! ਵੇਖਿਆ ਜੇ ਮਹਾਰਾਜਾ ਰਣਜੀਤ ਸਿੰਘ ਕਿਡੇ ਸਿਆਣੇ ਸਨ । ਨਾ ਮੁਸਲਮਾਨਾਂ ਦੇ ਧਰਮ ਵਿਚ ਰੋਕ ਪੈਣ ਦਿਤੀ, ਨਾ ਸਰਦਾਰਾਂ ਨੂੰ ਨਾਰਾਜ ਕੀਤਾ । ਇਸ ਨੂੰ ਕਹਿੰਦੇ ਹਨ, ਸੱਪ ਵੀ ਮਰੇ ਤੇ ਸੋਟਾ ਵੀ ਨ ਟੁਟੇ ।

Namdhari Elibrary NamdhariElibrary@gmail.com

ਬਾਂਗ-ਨਿਮਾਜ ਤੋਂ ਪਹਿਲਾਂ ਮੁਲਾਂ ਉਚੀ ਸਾਰ ਈਸ਼ਵਰ ਦਾ ਨਾਂ ਲੈ ਬੋਲਦਾ ਹੈ। ਉਸਨੂੰ ਬਾਂਗ ਕਹਿੰਦੇ ਹਨ।

ਦਖਲ - ਰੋਕ।

ਸੱਪ ਵੀ ਮਰੇ ਤੇ ਸੋਟਾ ਵੀ ਨ ਟੁਟੇ । ਕੰਮ ਵੀ ਹੋ ਜਾਵੇ ਤੇ ਨੁਕਸਾਨ ਵੀ ਨਾ ਹੋਵੇ।

ਪ੍ਰਸ਼ਨ

(੧) ਮੁਸਲਮਾਨ ਬਾਂਗ ਕਿਉਂ ਦੇਂਦੇ ਹਨ ?

(੨) ਮਹਾਰਾਜਾ ਰਣਜੀਤ ਸਿੰਘ ਜੀ ਨੇ ਕਿਵੇਂ ਬਾਂਗ ਜਾਰੀ ਰਖੀ ?

(੩) ਵਾਕਾਂ ਵਿਚ ਵਰਤੋ : ਬਾਂਗ, ਮਨਜ਼ੂਰ, ਧਰਮ ਦਖਲ, ਮੌਲਵੀ।

Namdhari Elibrary NamdhariElibrary@gmail.com

ਮਨੁਖਾ ਜਨਮ

ਉੱਤਮ ਢੋਰ ਬੂਝ

ਚੌਰਾਸੀ ਲੱਖ ਜੂਨਾਂ ਵਿਚੋਂ ਮਨੁਖ ਸਭ ਤੋਂ ਉੱਤਮ ਹੈ। ਪਸ਼ੂ ਤੇ ਮਨੁਖ ਵਿਚ ਕਈ ਗੱਲਾਂ ਇਕੋ ਜ਼ੇਹੀਆਂ ਹਨ। ਨੀਂਦਰ, ਭੋਜਨ ਆਦਿ। ਮਨੁਖ ਸੌਂਦਾ ਹੈ, ਤੇ ਪਸ਼ੂ ਵੀ। ਮਨੁਖ ਵੀ ਖੁਰਾਕ ਖਾਂਦਾ ਹੈ, ਤੇ ਪਸ਼ੂ ਵੀ ਘਾਹ ਪੱਠਾ ਖਾ ਢਿਡ ਭਰਦਾ ਹੈ। ਫੇਰ ਪਸ਼ੂ ਨਾਲੋਂ ਮਨੁਖ ਵਿਚ ਕੀ ਵਾਧਾ ਹੋਇਆ ? ਉਹ ਹੈ ਕੇਵਲ ਵਿਚਾਰ। ਵਿਚਾਰ ਤੋਂ ਬਿਨਾਂ ਮਨੁਖ ਵੀ ਪਸ਼ੂ ਹੀ ਹੈ। ਸਭ ਵਿਚਾਰ ਤੋਂ ਉਤਮ ਹੈ ਆਤਮ — ਵਿਚਾਰ। ਗੁਰੂ ਅਰਜਨ ਦੇਵ ਜੀ ਦਾ ਮੁਖ ਵਾਕ ਹੈ :

ਬਿਨੁ ਬੂਝੇ ਪਸੂ ਢੋਰ ।

-: o :-

ਵਿਚਾਰ - ਸੋਚ।
ਆਤਮ-ਵਿਚਾਰ - ਆਪਣੇ ਆਪ ਬਾਰੇ ਸੋਚਣਾ।
ਢੋਰ- ਮੋਇਆ ਪਸ਼ੂ।

ਪ੍ਰਸ਼ਨ

(੧) ਮਨੁਖ ਤੇ ਪਸ਼ੂ ਵਿਚ ਕੀ ਕੀ ਸਾਂਝੇ ਗੁਣ ਹਨ ?
(੨) ਮਨੁਖ ਤੇ ਪਸ਼ੂ ਵਿਚ ਕੀ ਫਰਕ ਹੈ ?
(੩) ਤੁਸੀਂ ਪਸ਼ੂ ਬਣਨਾਂ ਪਸੰਦ ਕਰਦੇ ਹੋ ਜਾਂ ਮਨੁਖ ?

Namdhari Elibrary NamdhariElibrary@gmail.com

ਬਾਲਕਾਂ ਨਾਲ ਪਿਆਰ !

ਨਿਗਾਹ ਵਰਤਾਂਦੇ ਬਿਸ੍ਰਾਮ-ਅਸਥਾਨ

ਬਾਲਕੋ ! ਸਤਿਗੁਰੂ ਪ੍ਰਤਾਪ ਸਿੰਘ ਜੀ ਬੜੇ ਪ੍ਰਤਾਪ ਵਾਲੇ ਸਨ। ਜਿਹੋ ਜਿਹਾ ਨਾਂਉਂ ਸੀ, ਤਿਹੋ ਜਿਹੇ ਗੁਣ ਸਨ। ਉਨ੍ਹਾਂ ਵਿਚ ਬਹੁਤ ਵਡੇ ਗੁਣ ਸਨ। ਉਹ ਬਾਲਕਾਂ ਨੂੰ ਬੜਾ ਪਿਆਰ ਕਰਦੇ ਸਨ।

ਜਿਸ ਥਾਂ ਨੂੰ ਭਾਗ ਲਾਂਦੇ ਸਨ, ਵਡੇ ਛੋਟੇ ਉਨ੍ਹਾਂ ਦੇ ਦਰਸ਼ਨਾਂ ਨੂੰ ਆ ਜੁੜਦੇ ਸਨ। ਮਗਰ ਸਤਿਗੁਰ ਬਾਲਕਾਂ ਨੂੰ ਸਦਾ ਨਿਗਾਹ ਹੇਠ ਰਖਦੇ ਸਨ। ਜਿਹੜਾ ਫਲ ਆਵੇ ਪਹਿਲਾਂ ਬਾਲਕਾਂ ਨੂੰ ਵਰਤਾਉਣ ਦਾ ਹੁਕਮ ਦੇਂਦੇ ਸਨ। ਬਾਲਕਾਂ ਨੂੰ ਵਰਤਾਕੇ ਪ੍ਰਸੰਨ ਹੁੰਦੇ ਸਨ।

ਕਈ ਵਾਰ ਖਰਬੂਜਿਆਂ ਦੇ ਗੱਡੇ, ਜਾਂ ਅੰਬਾਂ ਦੇ ਟੋਕਰੇ ਮੰਗਵਾ ਬਚਿਆਂ ਨੂੰ ਵਰਤਾਇਆ ਕਰਦੇ ਸਨ । ਸ੍ਰੀ ਜੀਵਨ ਨਗਹ ਦੇ ਵਿਦਿਆਲੇ ਜਦ ਵੀ ਚਰਨ ਪਾਂਦੇ ਸਨ, ਤਾਂ ਵਿਦਿਆਲੇ ਦੇ ਬਚਿਆਂ ਲਈ ਕੜਾਹ ਪ੍ਰਸ਼ਾਦ ਜਾਂ ਖੀਰ ਪਹਿਲਾਂ ਹੀ ਪਹੁੰਚਾਉਣ ਦਾ ਹੁਕਮ ਦੇ ਆਉਂਦੇ ਸਨ। ਬਾਲਕਾਂ ਨੂੰ ਹਸਦਿਆਂ ਵੇਖ ਬੜਾ ਪ੍ਰਸੰਨ ਹੁੰਦੇ ਸਨ।

Namdhari Elibrary NamdhariElibrary@gmail.com

ਇਕ ਵੇਰ ਸਤਿਗੁਰਾਂ ਦੇ ਬਿਸ੍ਰਾਮ-ਅਸਥਾਨ ਦੇ ਲਾਗੇ ਰਾਤ ਸਮੇਂ ਕ੍ਰੋਈ ਬੱਚਾ ਰੋ ਰਹਿਆ ਸੀ। ਸਤਿਗੁਰਾਂ ਨੇ ਸੰਤ ਰਤਨ ਸਿੰਘ ਨੂੰ ਪੁਛਿਆ : 'ਰਤਨ' ! ਇਹ ਬੱਚਾ ਰੋ ਕਿਉਂ ਰਹਿਆ ਹੈ ?

ਰਤਨ ਸਿੰਘ : ਸਚੇ ਪਾਤਸ਼ਾਹ, ਬੱਚਾ ਭੁਖਾ ਹੈ।
ਸਤਿਗੁਰ : ਜਾ ਬਚੇ ਨੂੰ ਦੁਧ ਦਵਾ ਆ।
ਰਤਨ ਸਿੰਘ : ਦੁਧ ਦੇ ਸੇਵਾਦਾਰ, ਦੁਧ ਨੂੰ ਜਾਗ ਲਾ ਚੁਕੇ ਹਨ।
ਸਤਿਗੁਰ : ਮੇਰ ਵਾਲਾ ਦੁਧ ਕਿਥੇ ਹੈ ?
ਰਤਨ ਸਿੰਘ : ਗ਼ੀਬ ਨਿਵਾਜ ਠੰਢਾ ਹੋ ਰਿਹਾ ਹੈ।

ਸਤਿਗੁਰ : ਜਾ ਉਸ ਬੱਚੇ ਨੂੰ ਦੇ ਆ। ਮੈਂ ਕਿਸੇ ਬੱਚੇ ਨੂੰ ਨਾ ਰੋਂਦਾ ਵੇਖ ਸਕਦਾ ਹਾਂ, ਨਾਂ ਭੁਖਾ।

ਰਤਨ ਸਿੰਘ : ਸਤਿ ਬਚਨ, ਪਰ ਆਪ ? ਆਪਨੇ ਵੀ ਤਾਂ ਸਵੇਰੇ ਦਾ ਹੀ ਪ੍ਰਸ਼ਾਦ ਛਕਿਆ ਹੋਇਆ ਹੈ, ਅਗੋਂ ਜਿਵੇਂ ਰਜ਼ਾ।

ਸਤਿਗੁਰ। ਤੂੰ ਮੇਰਾ ਫਿਕਰ ਨ ਕਰ। ਜਾ ਉਠ।

ਰਤਨ ਸਿੰਘ : ਦੁਧ ਦੇ ਆਇਆ, ਮਾਤਾ ਨੇ ਬਚੇ ਨੂੰ ਦੁਧ ਪਲਾਇਆ। ਬਚਾ ਸੌਂ ਗਇਆ। ਸਤਿਗੁਰਾਂ ਸਹਿਜੇ ਹੀ, ਬਚਨ ਕੀਤਾ ਰਤਨ ਸਿੰਘ ! ਹੁਣ ਮੈਨੂੰ ਵੀ ਚੰਗੀ ਨੀਂਦ ਆਵੇਗੀ।

-: o :-

ਨਿਗਾਹ ਰਖਦੇ ਸਨ - ਖਿਆਲ ਰਖਦੇ ਸਨ।
ਬਿਸ੍ਰਾਮ ਅਸਥਾਨ- ਅਰਾਮ ਕਰਨ ਦੀ ਜਗਹ।

Namdhari Elibrary NamdhariElibrary@gmail.com

ਪ੍ਰਸ਼ਨ

(੧) ਸਤਿਗੁਰ ਪ੍ਰਤਾਪ ਸਿੰਘ ਜੀ ਦੇ ਗੁਣ ਵਰਨਣ ਕਰੋ ।

(੨) ਉਹ ਬਚਿਆਂ ਨੂੰ ਫਲ ਵਰਤਾਕੇ, ਕਿਉਂ ਪ੍ਰਸੰਨ ਹੁੰਦੇ ਸਨ ?

(੩) ਭੁਖੇ ਬਚੇ ਨੂੰ ਸਤਿਗੁਰੂ ਦੁਧ ਬਖਸ਼ਿਆ । ਇਹ ਪ੍ਰਸੰਗ ਸੁਣਾਓ !

Namdhari Elibrary NamdhariElibrary@gmail.com

ਰੰਗਿਆ ਗਿੱਦੜ

ਸੁੰਘਦਾ ਲਲਾਰੀ ਭਗਵਾਨ

ਹਵਾਕਣ ਈਸ਼ਵਰ

ਇਕ ਵਰ ਦੀ ਗਲ ਹੈ, ਇਕ ਗਿੱਦੜ ਫਿਰਦਾ ਫਿਰਦਾ ਕਿਸੇ ਨਗਰ ਚਲਾ ਗਿਆ। ਥਾਂ ਥਾਂ ਸੁੰਘਦਾ ਫਿਰੇ। ਉਹ ਲਲਾਰੀ ਦੇ ਘਰ ਪੁਜ ਗਿਆ। ਇਕ ਭਾਂਡੇ ਵਿਚ ਮੂੰਹ ਪਾਇਆ। ਮਗਰੋਂ ਅਵਾਜ ਆਈ। ਡਰ ਕੇ ਮੁੜਿਆ। ਨੀਲੀ ਹੌਜ਼ੀ ਵਿਚ ਜਾ ਡਿਗਿਆ। ਸਿਰ ਤੋਂ ਪੈਰਾਂ ਤਕ ਰੰਗਿਆ ਗਿਆ। ਡਰਦਾ ਮਾਰਾ ਜੰਗਲ ਨੂੰ ਭੱਜ ਗਿਆ।

ਸਵੇਰੇ ਪਾਣੀ ਪੀਣ ਲਗਾ। ਵੇਖਿਆ ਨੀਲੋ ਨੀਲ ਸੀ। ਗਿੱਦੜ ਬੜਾ ਚਾਲਾਕ ਸੀ। ਇਕ ਉਚੀ ਥਾਂ ਜਾ ਬੈਠਾ। ਉਸਨੂੰ ਰੰਗਿਆ ਵੇਖ ਆਲੇ ਦੁਆਲੇ ਜਨੌਰ ਇਕੱਠੇ ਹੋ ਗਏ। ਜਨੌਰਾਂ ਨੂੰ ਵੇਖ, ਉਸ ਬੋਲਿਆ: 'ਭਰਾਵੋ! ਅਜ ਰਾਤ, ਈਸ਼ਵਰ ਨੇ ਬੜੀ ਕਿਰਪਾ ਕੀਤੀ ਹੈ। ਰਾਤੀਂ ਇਕ ਦੇਵਤਾ ਆਇਆ।' ਉਸ ਕਹਿਆ: 'ਭਗਵਾਨ ਤੇਰੇ ਤੇ ਖੁਸ਼ ਹੈ, ਤੈਨੂੰ ਜੰਗਲ ਦਾ ਰਾਜ਼ ਦਿਤਾ ਹੈ।' ਰਾਜ ਤਿਲਕ ਦੇਂਦਿਆਂ, ਉਸ ਮੇਰਾ ਰੰਗ ਬਦਲ ਦਿਤਾ। ਸਾਰਿਆਂ ਜ਼ਨੌਰਾਂ ਸੱਚ ਮੰਨ ਲਿਆ। ਸਾਰਿਆਂ ਨਿਉਂ ਨਿਉਂ ਸਲਾਮਾਂ ਕੀਤੀਆਂ।

NamdhariElibrary NamdhariElibrary@gmail.com

ਇਕ ਦਿਨ ਐਸਾ ਹੋਇਆ ਕਿ ਕੁਝ ਗਿੱਦੜ ਹਵਾਂਕ ਰਹੇ ਸਨ। ਗਿੱਦੜਾਂ ਦੀ ਵਾਦੀ ਹੈ ਕਿ ਜੇ ਇਕ ਬੋਲੇ ਤਾਂ ਸਾਰੇ ਹਵਾਂਕਣ ਲਗ ਪੈਂਦੇ ਹਨ। ਉਨਾਂ ਨੂੰ ਹਵਾਂਕਦਿਆਂ ਸੁਣ ਇਸ ਨੀਲੇ ਗਿੱਦੜ ਨੂੰ ਇਹ ਵੀ ਭੁਲ ਗਿਆ ਕਿ ਮੈਂ ਰਾਜ਼ਾਂ ਹਾਂ । ਇਹ ਵੀ ਜੋਰ ਜੋਰ ਨਾਲ ਹਵਾਂਕਣ ਲਗ ਪਿਆ।

ਨੀਲੇ ਗਿੱਦੜ ਨੂੰ ਹਵਾਂਕਦਿਆਂ ਤਕ ਸਾਰੇ ਜੰਗਲ ਦੇ ਪਸ਼ੂ ਉਸਦੇ ਦੁਆਲੇ ਹੋ ਗਏ। ਸਾਰੇ ਉਸਦੀ ਚਾਲਾਕੀ ਜਾਣ ਗਏ। ਹਾਥੀ ਅਗੇ ਵਧਿਆ । ਉਸ ਸੁੰਡ ਵਿਚ ਫੜ ਲਿਆ ਤੇ ਦੋ ਟੋਟੇ ਕਰਕੇ, ਧਰਤੀ ਤੇ ਪਟਕਾ ਮਾਰਿਆ । ਠੀਕ ਸਿਆਣਿਆਂ ਆਖਿਆ : ਝੂਠ ਝੂਠ ਤੇ ਸੱਚ ਸੱਚ ।'

-: o :-

ਹਵਾਂਕਣਾਂ- ਗਿੱਦੜ ਦੀ ਬੋਲੀ ਨੂੰ ਹਵਾਂਕਣ ਕਹਿੰਦੇ ਹਨ ।

ਵਾਦੀ ਹੈ- ਆਦਤ ਹੈ ।

ਪ੍ਰਸ਼ਨ

(੧) ਗਿੱਦੜ ਕਿਉਂ ਨਗਰ ਵਿਚ ਗਇਆ ।

(੨) ਉਸ ਨੂੰ ਕੀ ਸ਼ਰਾਰਤ ਸੁਝੀ ?

(੩) ਉਸਨੂੰ ਝੂਠ ਬੋਲਣ ਦਾ ਕੀ ਫਲ ਮਿਲਿਆ ?

(੪) ਖਾਲੀ ਥਾਂ ਭਰੋ : ਝੂਠ ....ਸੱਚ.........।

Namdhari Elibrary NamdhariElibrary@gmail.com

ਸਰਵਨ

ਦਸਰਥ ਕੁਦਰਤ ਯਾਤਰਾ

ਬੜੀ ਦੇਰ ਦੀ ਗਲ ਹੈ। ਉਸ ਵੇਲੇ ਭਾਰਤ ਵਿਚ ਰਾਜਾ ਦਸਰਥ ਰਾਜ ਕਰਦਾ ਸੀ। ਉਸ ਸਮੇ ਇਕ ਧਰਮੀ ਜੋੜਾ ਸੀ, ਮਗਰ ਸਨ ਦੋਵੇਂ ਅੰਨ੍ਹੇ। ਸਰਵਨ ਉਹਨਾਂ ਦਾ ਪੁਤਰ ਸੀ। ਉਹ ਬੜਾ ਆਗਿਆ ਕਾਰੀ ਸੀ। ਹਰ ਵੇਲੇ ਮਾਤਾ ਪਿਤਾ ਦੀ ਸੇਵਾ ਵਿਚ ਰਹਿੰਦਾ।

ਸਰਵਨ ਦੇ ਮਾਪਿਆਂ ਆਖਿਆ : ਪੁਤਰ ਅਸੀਂ ਤੀਰਥ ਯਾਤਰਾ ਕਰਨੀ ਚਾਹੁੰਦੇ ਹਾਂ। ਅਗੋਂ ਸਰਵਨ ਨੇ ਕਹਿਆ : ਸਤਿ ਬਚਨ ਜੀ। ਮੇਰੇ ਧੰਨ ਭਾਗ।

ਉਨ੍ਹਾਂ ਦਿਨਾ ਵਿਚ ਮੋਟਰਾਂ ਗੱਡੀਆਂ ਨਹੀਂ ਹੁੰਦੀਆਂ ਸਨ। ਸਰਵਨ ਨੇ ਇਕ ਵੈਂਘੀ ਬਨਵਾ ਲਈ। ਦੋਹੀਂ ਪਾਸੀਂ ਨਰਮ ਨਰਮ ਗੱਦੇ ਰਖ ਲਏ। ਮਾਤਾ ਪਿਤਾ ਨੂੰ ਦੋਹੀਂ ਪਾਸੀਂ ਬਿਠਾ ਲਿਆ। ਤੀਰਥ - ਯਾਤਰਾ ਅਰੰਭ ਦਿਤੀ। ਦਿਨੇ ਸਫਰ ਕਰਦਾ। ਰਾਤੀਂ ਮਾਤਾ ਪਿਤਾ ਦੇ ਚਰਨ ਦਬਾਂਦਾ। ਕਈ ਤੀਰਥਾਂ ਦੀ ਯਾਤਰਾ ਕਰਾ ਲਈ।

ਇਕ ਵੇਰ ਚਲਦਾ ਚਲਦਾ ਸਰਵਨ ਇਕ ਬਨ ਵਿਚ ਪੁਜ ਗਇਆ। ਉਸਦੇ ਮਾਪਿਆਂ ਨੂੰ ਤਰੇਹ ਲਗ ਪਈ। ਸਰਵਨ ਘੜਾ ਲੈ ਤਲਾ ਤੇ ਜਲ ਭਰਨ ਗਇਆ ਉਸ ਤਲਾ ਦੇ ਕੰਢੇ ਤੇ ਦਸਰਥ ਤੀਰ ਕਮਾਨ ਲਈ-ਖੜਾ ਸੀ। ਸਰਵਨ ਜਲ ਭਰਨ ਲਗਾ। ਘੜੇ ਵਿਚ ਜਲ

Namdhari Elibrary NamdhariElibrary@gmail.com

ਭਰਨ ਦੀ ਆਵਾਜ ਦਸਰਥ ਦੀ ਕੰਨੀ ਪਈ। ਉਸ ਜਾਣੀਆ ਕੋਈ ਮਿਰਗ ਪਾਣੀ ਪੀ ਰਹਿਆ ਹੈ। ਖਿਚ ਕੇ ਤੀਰ ਮਾਰਿਆ। ਤੀਰ ਵਜਦਿਆਂ ਸਰਵਨ ਦੇ ਮੂੰਹੋ ਨਿਕਲਿਆ, ਰਾਮ - ਰਾਮ।

ਰਾਮ ਦਾ ਸ਼ਬਦ ਸੁਣ ਦਸਰਥ ਜਾਣਿਆ ਇਹ ਤਾਂ ਕੋਈ ਮਿਰਗ ਨਹੀਂ। ਇਹ ਤਾਂ ਕੋਈ ਪੁਰਸ਼ ਹੈ। ਭਜਕੇ ਗਇਆ। ਕਲੇਜੇ ਵਿਚੋਂ ਤੀਰ ਖਿਚਿਆ। ਸਰਵਨ ਨੇ ਅੱਖਾਂ ਪੁਟੀਆਂ ਤੇ ਰਾਜੇ ਨੂੰ ਕਹਿਆ : ਹੇ ਰੱਬ ਦੇ ਪਿਆਰੇ, ਮੇਰੇ ਅੰਨ੍ਹੇ ਮਾਪੇ ਜੰਗਲ ਵਿਚ ਜਲ ਮੰਗ ਰਹੇ ਹਨ। ਮੈਂ ਜਲ ਲੈਣ ਆਇਆ ਸਾਂ। ਜਾ ਉਨ੍ਹਾਂ ਨੂੰ ਜਲ ਛਕਾ, ਪਰ ਪਹਿਲਾਂ ਮੇਰੇ ਮਰਨ ਦੀ ਗਲ ਨ ਕਰੀਂ। ਇਹ ਸ਼ਬਦ ਕਹਿ ਸਰਵਨ ਪ੍ਰਾਣ ਤਿਆਗ ਦਿਤੇ।

ਰਾਜਾ ਜਲ ਲੈ ਗਿਆ। ਜਲ ਦਿਤਾ, ਪਰ ਮੂੰਹੋ ਨ ਬੋਲਿਆ। ਅੰਧਲੇ ਪੁਛਿਆ :-ਬੇਟਾ ਸਰਵਨ ਚਿਰ ਕਿਉਂ ਲਾਇਆ ਈ? ਮਗਰ ਮੁੜ ਵੀ ਦਸਰਥ ਚੁਪ ਰਹਿਆ। ਅੰਨ੍ਹੇ ਨੇ ਬਾਹੋਂ ਫੜਿਆ ਤੇ ਉਸਨੂੰ ਸਮਝ ਆਈ ਇਹ ਸਰਵਨ ਨਹੀਂ। ਇਹ ਕੋਈ ਹੋਰ ਹੈ। ਅੰਧਲਾ ਬੋਲਿਆ: ਸੱਚ ਦੱਸ ਤੂੰ ਕੌਣ ਹੈਂ? ਮੇਰਾ ਸਰਵਨ ਕਿਥੇ ਹੈ? ਦਸਰਥ ਨੇ ਖਿਮਾ ਮੰਗੀ ਤੇ ਸਾਰਾ ਹਾਲ ਦਸਿਆ ਤੇ ਆਖਿਆ ਮੈਂ ਦਸਰਥ ਹਾਂ।

ਅੰਧਲੇ ਕਹਿਆ : ਅਸੀਂ ਸਰਵਨ ਬਿਨਾਂ ਜੀ ਨਹੀ ਸਕਦੇ। ਤੂੰ ਲੱਕੜਾਂ ਇਕੱਠੀਆਂ ਕਰਦੇ। ਅਸੀਂ ਭਸਮ ਹੋ ਜਾਈਏ। ਰਾਜੇ ਉਵੇਂ ਕੀਤਾ। ਅੰਧਲਾ ਅੰਧਲੀ ਦੋਵੇਂ ਲਕੜਾਂ ਤੇ ਚਲੇ ਗਏ। ਯੋਗ ਬਲ ਨਾਲ

Namdhari Elibrary NamdhariElibrary@gmail.com

ਅੰਦਰੋਂ ਅਗ ਪੈਦਾ ਕੀਤੀ। ਲਕੜਾਂ ਭੜਕ ਉਠੀਆਂ। ਮਗਰ ਸੜਨ ਤੋਂ ਪਹਿਲਾਂ ਅੰਧਲੇ ਦਸਰਥ ਨੂੰ ਸਰਾਪ ਦਿਤਾ, ਰਾਜਾ ਅਸੀਂ ਪੁਤਰ ਦੇ ਦੁਖ ਵਿਚ ਮਰ ਰਹੇ ਹਾਂ, ਤੂੰ ਵੀ ਪੁਤਰ ਦੇ ਦੁਖ ਵਿਚ ਮਰੇਂਗਾ। ਸੋ ਉਵੇਂ ਹੋਇਆ।

ਬਾਲਕੋ ! ਸਰਵਨ ਬੜਾ ਨੇਕ ਬਾਲਕ ਸੀ। ਮਾਤਾ ਪਿਤਾ ਦੀ ਬੜੀ ਸੇਵਾ ਕਰਦਾ ਸੀ। ਸੇਵਾ ਕਰਦਿਆਂ ਕਰਦਿਆਂ ਜਾਨ ਦੇ ਦਿਤੀ।

-: O :-

ਜਾਨ ਦੇ ਦਿਤੀ - ਮਰ ਗਿਆ।

ਯੋਗ ਬਲ - ਉਹ ਤਾਕਤ ਜਿਹੜੀ ਰੂਹਾਨੀ ਤਰੱਕੀ ਨਾਲ ਮਿਲਦੀ ਹੈ।

ਪ੍ਰਸ਼ਨ

(੧) ਸਰਵਨ ਦਾ ਨਾਉਂ ਕਿਉਂ ਪ੍ਰਸਿਧ ਹੈ ?

(੨) ਅੰਧਲੇ ਦਸਰਥ ਨੂੰ ਕੀ ਸਰਾਪ ਦਿਤਾ ?

(੩) ਉਹ ਸਰਾਪ ਕਿਵੇਂ ਪੂਰਾ ਹੋਇਆ ?

ਖਾਲੀ ਥਾਵਾਂ ਭਰੋ :-

(੧) ਸਰਵਨ ਬੜਾ.............ਸੀ।

(੨) ਦਸਰਥ ਨੇ..........ਮਾਰਿਅ।

(੩) ਅੰਧਲੇ ਆਖਿਆ ਤੂੰ ਵੀ ਪੁਤ੍ਰ ਦੇ..... ਵਿਚ . ...ਗਾ।

Namdhari Elibrary NamdhariElibrary@gmail.com

ਸਾਡਾ ਰਾਜ

ਭਾਰਤੀਆਂ ਕਾਨੂੰਨ ਬੰਦੋਬਸਤ ਉਨਤੀ

ਅਸੈਂਬਲੀ ਨਗਰ ਪਾਲਕਾ

ਬਾਲਕੋ ! ਸਾਡਾ ਦੇਸ਼ ਭਾਰਤ ਹੈ। ਏਥੇ ਭਾਰਤੀਆਂ ਦਾ ਆਪਣਾ ਰਾਜ ਹੈ। ਅਸੀਂ ਆਪਣਾ ਕਾਨੂੰਨ ਆਪ ਬਣਾਉਂਦੇ ਹਾਂ।

ਪਿੰਡਾਂ ਵਿਚ ਪੰਚਾਇਤਾਂ ਹਨ। ਇਹ ਆਪਣੇ ਝਗੜੇ ਆਪ ਨਬੇੜ ਲੈਂਦੀਆਂ ਹਨ। ਪੇਂਡੂਆਂ ਦੀ ਭਲਾਈ ਤੇ ਬਚਿਆਂ ਦੀ ਪੜ੍ਹਾਈ ਦਾ ਵੀ ਇਹੋ ਬੰਦੋਬਸਤ ਕਰਦੀਆਂ ਹਨ। ਨਗਰਾਂ ਵਿਚ ਨਗਰ ਪਾਲਕਾਂ ਹਨ। ਉਹ ਨਗਰਾਂ ਦੀ ਸਫਾਈ, ਸਿਹਤ, ਪੜ੍ਹਾਈ ਤੇ ਰੋਸ਼ਨੀ ਦਾ ਪਰਬੰਧ ਕਰਦੀਆਂ ਹਨ।

ਸੂਬਿਆਂ ਦੀਆਂ ਆਪਣੀਆਂ ਆਪਣੀਆਂ ਅਸੈਂਬਲੀਆਂ ਹਨ। ਇਹ ਆਪਣੇ ਆਪਣੇ ਸੂਬਿਆਂ ਦੀ ਉੱਨਤੀ ਦਾ ਖਿਆਲ ਕਰਦੀਆਂ ਹਨ। ਸਾਰੇ ਦੇਸ਼ ਦੀ ਇਕ ਵਡੀ ਪੰਚਾਇਤ ਹੈ। ਉਹ ਦਿਲੀ ਵਿਚ ਬੈਠਦੀ ਹੈ। ਦੇਸ਼ ਦੀ ਰਖਿਆ ਦਾ ਭਾਰ ਉਸਦੇ ਜ਼ਿਮੇ ਹੈ। ਦੇਸ਼ ਦੀ ਉੱਨਤੀ ਵਾਸਤੇ ਨਿਤ ਨਵੀਆਂ ਸਕੀਮਾਂ ਸੋਚਦੀ ਹੈ। ਇਨ੍ਹਾਂ ਵਡੀਆਂ ਛੋਟੀਆਂ ਪੰਚਾਇਤਾਂ ਨੂੰ ਲੋਕ ਆਪ ਚੁਣਦੇ ਹਨ। ਹਰ ਪੰਜਵੇਂ ਸਾਲ ਚੋਣਾ ਹੁੰਦੀਆਂ ਹਨ। ਜਿਹੜੀ ਪਾਰਟੀ ਦੇ ਬਹੁਤੇ ਮੈਂਬਰ ਹੋਣ ਉਹ ਪਾਰਟੀ ਰਾਜ ਕਰਦੀ ਹੈ।

Namdhari Elibrary NamdhariElibrary@gmail.com

ਇਸ ਦੇਸ਼ ਵਿਚ ਹਿੰਦੂ, ਸਿਖ, ਮੁਸਲਮਾਨ, ਈਸਾਈ ਵਖ ਵਖ ਧਰਮਾਂ ਲੋਕ ਵਸਦੇ ਹਨ। ਸਾਰੇ ਭਰਾਵਾ ਵਾਂਗੂ ਰਹਿੰਦੇ ਹਨ।

ਭਾਰਤ ਸਾਡਾ ਦੇਸ਼ ਪਿਆਰਾ।
ਸਭ ਦੀਆਂ ਅੱਖਾਂ ਦਾ ਇਹ ਤਾਰਾ।

-: o :-

ਉਨਤੀ - ਤਰੱਕੀ।

ਅਸੈਂਬਲੀ - ਪੰਚਾਇੜਾਂ।

ਨਗਰ ਪਾਲਕਾਂ - ਸ਼ਹਿਰਾਂ ਦੀ ਸਫਾਈ ਰੌਸ਼ਨੀ ਦਾ ਪ੍ਰਬੰਧ ਕਰਨ ਵਾਲੀਆਂ ਕਮੇਟੀਆਂ।

ਪ੍ਰਸ਼ਨ

(੧) ਸ਼ਾਡੇ ਦੇਸ਼ ਦੇ ਕਾਨੂੰਨ ਕੌਣ ਬਣਾਂਦਾ ਹੈ।

(੨) ਪੰਚਾਇਤਾਂ ਦੇ ਮੈਂਬਰ ਕੀ ਕੰਮ ਕਰਦੇ ਹਨ।

ਖਾਲੀ ਥਾਂ ਭਰੋ :-

ਭਾਰਤ ਸਾਡਾ......... ਹੈ।

ਏਥੇ ਹਿੰਦੂ, ਮੁਸਲਮਾਨ ....ਰਲਕੇ ਰਹਿੰਦੇ ਹਨ।

ਭਾਰਤ......ਦੇਸ਼......ਪਿਆਰਾ।
ਸਭ ਦੀਆਂ.........ਦਾ ਤਾਰਾ।

Namdhari Elibrary NamdhariElibrary@gmail.com

ਵਾਹ ਓ ਰੱਬਾ !

ਸਦਕੇ ਭਰਪੂਰ ਅਨੂਪ

ਵਾਹ ਓ ਰੱਬਾ ਸਦਕੇ ਤੇਰੇ।
ਸ਼ਕਤੀ ਭਰਨਾ ਏ ਜੁਸੇ ਮੇਰੇ।

ਤੂੰ ਹੈਂ ਸਾਰੇ ਜਗ ਦਾ ਵਾਲੀ।
ਹਰ ਇਕ ਤੇਰਾ ਬਣੇ ਸਵਾਲੀ।

ਸੁੰਦਰ ਦੁਨੀਆ ਬਾਗ ਲਗਾਕੇ।
ਰਖਿਆ ਇਸਨੂੰ ਸਾਂਭ ਸੰਭਾਕੇ।

ਹਰ ਬੂਟੇ ਹਰ ਡਾਲੀ ਉਤੇ।
ਭਰਿਆ ਜੋਬਨ ਭਰ ਭਰ ਬੁਕੇ।

ਹਰ ਬੂਟੇ ਵਿਚ ਦੈਵੀ ਮਸਤੀ।
ਹਰ ਮਸਤੀ ਵਿਚ ਤੇਰੀ ਹਸਤੀ।

ਹਰੇਕ ਹੋਂਦ ਵਿਚ ਤੇਰਾ ਰੂਪ।
ਰੂਪਾਂ ਵਿਚ ਤੂੰ ਬਣਿਆਂ ਭੂਪ।

ਤੈਨੂੰ ਨੇੜੇ ਕਹੇ ਕੋਈ ਦੂਰ।
ਹਰ ਹਿਰਦੇ ਵਿਚ ਤੂੰ ਹੈਂ ਭਰਪੂਰ।

ਰੂਪ ਅਨੂਪ ਜੋ 'ਸੂਫੀ' ਸਾਰੇ।
ਸਭ ਵਿਚ ਤੇਰੇ ਹੀ ਲਿਸ਼ਕਾਰੇ।

ਅਜੀਤ ਸਿੰਘ 'ਸੂਫੀ'

NamdhariElibrary NamdhariElibrary@gmail.com

ਸਦਕੇ– ਵਾਰਨੇ ।

ਜੁਸੇ - ਸਰੀਰ ।

ਦੈਵੀ - ਕੁਦਰਤੀ ।

ਭੂਪ - ਰਾਜਾ ।

ਅਨੂਪ - ਜਿਸ ਦੀ ਵਡਿਆਈ ਨ ਹੋ ਸਕੇ ।

(੧) ਅਕਾਲ ਪੁਰਖ ਨੇ ਕੀ ਬਣਾਇਆ ਹੈ ?
(੨) ਉਸਦਾ ਟਿਕਾਣਾ ਦਸੋ ।

Namdhari Elibrary NamdhariElibrary@gmail.com

ਵਿਦਿਆ

ਸੰਸਾਰ ਆਤਮਕ ਸੋਝੀ ਪ੍ਰਵੇਸ਼

ਵਿਦਿਆ ਦੋ ਭਾਂਤ ਦੀ ਹੈ। ਸੰਸਾਰਕ ਤੇ ਆਤਮਕ। ਸੰਸਾਰਕ ਵਿਦਿਆ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਾਈ ਜਾਂਦੀ ਹੈ, ਇਹ ਕਾਰ ਵਿਹਾਰਾਂ ਦੇ ਕੰਮ ਆਉਂਦੀ ਹੈ। ਆਤਮਕ ਵਿਦਿਆ ਨਾਲ ਆਪੇ ਦੀ ਸੋਝੀ ਪੈਂਦੀ ਹੈ। ਪਹਿਲੀ ਵਿਦਿਆ ਪੋਥੀਆਂ ਤੋਂ ਪੜ੍ਹੀਦੀ ਹੈ, ਪਰ ਦੂਜੀ ਸਤਿਗੁਰਾਂ ਤੇ ਸਾਧਾਂ ਸੰਤਾਂ ਦੀ ਸੇਵਾ ਤੋਂ ਪ੍ਰਾਪਤ ਹੁੰਦੀ ਹੈ। ਭਾਵੇਂ ਰੱਬੀ ਵਿਦਿਆ ਦੀਆਂ ਅਨੇਕ ਪੋਥੀਆਂ ਤੇ ਗਰੰਥ ਹਨ, ਪਰ ਗੁਰੂ ਤੋਂ ਬਿਨਾਂ ਉਨ੍ਹਾਂ ਦੀ ਸਮਝ ਨਹੀਂ ਆਉਂਦੀ। ਅਸਲ ਵਿਦਿਆ ਇਕ ਸੀਨੇ ਤੋਂ ਦੂਜ਼ੇ ਸੀਨੇ ਵਿਚ ਪ੍ਰਵੇਸ਼ ਕਰਦੀ ਹੈ। ਜੇ ਇਹ ਨਾ ਮਿਲੇ ਤਾਂ ਬੇਦ ਗਰੰਥ ਪੜ੍ਹੇ ਵੀ ਕਿਸੇ ਕੰਮ ਨਹੀਂ।

ਵਿਦਿਆ ਦੇ ਪੜ੍ਹੇ ਬਿਨਾ ਬੰਦਾ ਕਿਸੇ ਕੰਮ ਦਾ ਨਹੀਂ। ਵਿਦਵਾਨ ਜਿਥੇ ਵੀ ਚਲਾ ਜਾਏ ਕਦਰ ਹੁੰਦੀ ਹੈ। ਚੀਨੀ ਵਾਲੇ ਪਾਤਸ਼ਹ ਦਾ ਹੁਕਮ ਹੈ :-ਬੁਢਾ, ਬਾਲਾ, ਮਾਈ, ਭਾਈ, ਸਭ ਗੁਰਮੁਖੀ ਅੱਖਰ ਪੜ੍ਹਨ।'

.: O :-

ਸੋਝੀ-ਸਮਝ, ਪਤਾ।

ਪ੍ਰਵੇਸ਼-ਦਾਖਲ।

Namdhari Elibrary NamdhariElibrary@gmail.com

ਪ੍ਰਸ਼ਨ

(੧) ਵਿਦਿਆ ਕਿੰਨੇ ਭਾਂਤ ਦੀ ਹੈ ?

(੨) ਆਪੇ ਦੀ ਸੋਝੀ ਕਿਹੜੀ ਵਿਦਿਆ ਨਾਲ ਪੈਂਦੀ ਹੈ ?

(੩) ਵਿਦਿਆ ਬਾਰੇ ਚੀਨੀ ਵਾਲੇ ਪਾਤਸ਼ਾਹ ਦਾ ਕੀ ਹੁਕਮ ਹੈ ?

NamdhariElibrary NamdhariElibrary@gmail.com

ਅੱਖਾਂ ਦੀ ਸੰਭਾਲ

ਸਰੀਰ ਸਵਾਦ ਧਿਆਨ

ਸਰੀਰ ਦੇ ਸਾਰੇ ਅੰਗ ਵਡਮੁਲੇ ਹਨ। ਉਨ੍ਹਾਂ ਦੀ ਦੇਖ ਭਾਲ ਕਰਨੀ ਬੜੀ ਜਰੂਰੀ ਹੈ। ਮਗਰ ਅੱਖਾਂ ਦੀ ਦੇਖ ਭਾਲ ਸਭਨਾਂ ਨਾਲੋਂ ਵਧੇਰੇ ਜਰੂਰੀ ਹੈ। ਸਾਡੇ ਦੇਸ਼ ਦੀ ਪੁਰਾਣੀ ਕਹਾਵਤ ਹੈ :

ਕੰਨ ਗਏ, ਰਾਗ ਗਇਆ।
ਦੰਦ ਗਏ, ਸਵਾਦ ਗਇਆ।
ਅੱਖਾਂ ਗਈਆਂ, ਜਹਾਨ ਗਇਆ।

ਅੱਖਾਂ ਨਾਲ ਜਹਾਨ ਹੈ, ਅੱਖਾਂ ਦੀ ਦੇਖ ਭਾਲ ਵਾਸਤੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰਖਣਾ ਚਾਹੀਦਾ ਹੈ :

(੧) ਮਿਟੀ ਜਾਂ ਧੂੜ ਵਾਲੀ ਥਾਂ ਬਹੁਤਾ ਨ ਖੇਡੋ।
(੨) ਤੇਜ ਰੌਸ਼ਨੀ ਜਾਂ ਘਟ ਰੋਸ਼ਨੀ ਵਿਚ ਨ ਪੜ੍ਹੋ।
(੩) ਬਹੁਤਾ ਧੁਪੇ ਨਾ ਫਿਰੋ।
(੪) ਲੇਟ ਕੇ ਨ ਪੜ੍ਹੋ।
(੫) ਗੰਦੇ ਕਪੜਿਆਂ ਨਾਲ ਅੱਖਾਂ ਨ ਪੂੰਝੋ।
(੬) ਬਹੁਤੇ ਮਿਰਚ ਮਸਾਲੇ ਨਾ ਖਾਓ।
(੭) ਪੁਸਤਕ ਨੂੰ ਅੱਖਾਂ ਤੋਂ ਇਕ ਫੁਟ ਦੂਰ ਰਖ ਕੇ ਪੜ੍ਹੋ।
(੮) ਅੱਖਾਂ ਵਿਚ ਚਿੱਟਾ ਸੁਰਮਾ ਪਾਓ।

Namdhari Elibrary NamdhariElibrary@gmail.com

(੯) ਸਵੇਰ ਸਾਰ ਅੱਖਾਂ ਵਿਚ ਠੰਡੇ ਪਾਣੀ ਦੇ ਛੱਟੇ ਮਾਰੋ ।

(੧੦) ਅੱਖਾਂ ਦੀਆਂ ਵਰਜ਼ਸ਼ਾਂ ਕਰੋ।

(੧੧) ਦਾਤਣ ਹਰ ਰੋਜ ਕਰੋ । ਦਾਤਣ ਨਾਲ ਵੀ ਅੱਖਾਂ ਠੀਕ ਰਹਿੰਦੀਆਂ ਹਨ।

(੧੨) ਖਿਆਲ ਰਖੋ ਕਿ ਪੜਨ ਸਮੇਂ ਸਦਾ ਰੋਸ਼ਨੀ ਖੱਬੇ ਪਾਸਿਉਂ ਆਵੇ।

ਪ੍ਰਸ਼ਨ

(੧) ਅੱਖਾਂ ਨੂੰ ਅਰੋਗ ਰਖਣ ਦਾ ਉਪਾ ਦਸੋ।

Namdhari Elibrary NamdhariElibrary@gmail.com

ਸਾਊ—ਮੁੰਡੇ

ਬੇ-ਅਰਥ ਉਪਰੰਤ ਪਾਠਸ਼ਾਲਾ

ਮਾਪਿਆਂ ਦੇ ਕਹੇ ਵਿਚ ਚਲਣ ਵਾਲੇ ਮੁੰਡੇ ਸਾਊ ਹੁੰਦੇ ਹਨ ਉਹ ਮਾਂ ਪਿਉ ਦੀ ਸੇਵਾ ਕਰਦੇ ਹਨ । ਝੂਠ ਨਹੀਂ ਬੋਲਦੇ, ਚੁਗਲੀ ਨਹੀਂ ਕਰਦੇ । ਵਡਿਆ ਦਾ ਆਦਰ ਕਰਦੇ ਹਨ । ਸਮਾ ਵਿਅਰਥ ਨਹੀਂ ਗਵਾਂਦੇ । ਸਾਰੇ ਕੰਮ ਵੇਲੇ ਦੀ ਵੰਡ ਅਨੁਸਾਰ ਕਰਦੇ ਹਨ । ਅੰਮ੍ਰਿਤ ਵੇਲੇ ਉਠਕੇ ਜੰਗਲ ਜਾਂਦੇ ਹਨ । ਫੇਰ ਦਾਤਣ ਕੁਰਲਾ ਕਰਦੇ ਹਨ । ਉਪਰੰਤ ਸਣਕੇਸ਼ੀ ਇਸ਼ਨਾਨ ਕਰਦੇ ਹਨ । ਭਜਨ ਬਾਣੀ ਦਾ ਪਾਨ ਕਰਦੇ ਹਨ । ਜੋ ਹਾਜਰ ਹੋਵੇ ਛੱਕ ਕੇ ਮਾਤਾ ਪਿਤਾ ਨੂੰ ਨਿਮਸਕਾਰ ਕਰਕੇ ਤੇ ਪਾਠਸ਼ਾਲਾ ਨੂੰ ਤੁਰ ਜਾਂਦੇ ਹਨ। ਓਥੇ ਵੀ ਆਪਣੀ ਪੜ੍ਹਾਈ ਵਲ ਹੀ ਧਿਆਨ ਦੇਂਦੇ ਹਨ। ਸ਼ਰਾਰਤੀ ਮੁੰਡਿਆਂ ਦੀ ਸੰਗਤ ਨਹੀਂ ਕਰਦੇ। ਛੁਟੀ ਮਿਲਦਿਆਂ ਸਿਧੇ ਘਰ ਔਂਦੇ ਹਨ। ਮਾਤਾ ਪਿਤਾ ਦੀ ਚਰਨੀਂ ਹੱਥ ਲੌਂਦੇ ਹਨ। ਪ੍ਰਸ਼ਾਦਾ ਛੱਕ ਕੇ ਥੋੜਾ ਅਰਾਮ ਕਰਦੇ ਹਨ। ਫੇਰ ਸਕੂਲ ਦਾ ਕੰਮ ਕਰਦੇ ਹਨ ਸਦਾ ਸਾਊ-ਮੁੰਡਿਆ ਨਾਲ ਖੇਡਦੇ ਹਨ।

-: o :-

ਬੇ-ਅਰਥ - ਜਿਸਦਾ ਕੋਈ ਫਾਇਦਾ ਨ ਹੋਵੇ।

ਉਪਰੰਤ - ਪਿਛੋਂ ।

ਪ੍ਰਸ਼ਨ

(੧) ਸਾਊ ਮੁੰਡੇ ਕੇਹੋ ਜ਼ੇਹੇ ਹੁੰਦੇ ਨੇ ?

(੨) ਇਸ਼ਨਾਨ ਕਰਨ ਦਾ ਤਰੀਕਾ ਕੀ ਹੈ ?

Namdhari Elibrary Namdhari Elibrary@gmail.com

ਡਾਕ ਘਰ

ਡਾਕੀਆ ਮਹਿਕਮਾ ਲਿਫਾਫਾ

ਬਾਲਕੋ ! ਸਾਡੀ ਹਕੂਮਤ ਨੇ ਇਕ ਮਹਿਕਮਾ ਬਣਾਇਆ ਹੋਇਆ ਹੈ, ਜਿਸਨੂੰ ਡਾਕ – ਮਹਿਕਮਾ ਆਖਦੇ ਹਨ। ਇਹ ਦੇਸ਼ ਵਾਸਤੇ ਬੜਾ ਫਾਇਦੇ ਮੰਦ ਹੈ। ਇਹ ਮਹਿਕਮਾ ਇਕ ਥਾਂ ਤੋਂ ਦੂਜੀ ਥਾਂ ਚਿਠੀਆਂ ਪਹੁੰਚਾਂਦਾ ਹੈ।

ਪੰਦਰਾਂ ਪੈਸਿਆਂ ਦਾ ਕਾਰਡ ਆਉਂਦਾ ਹੈ। ਪੈਂਤੀ ਪੈਸਿਆਂ ਦਾ ਖੁਲ੍ਹਾ ਲਿਫਾਫਾ। ਪੰਜਾਹ ਨਵਿਆਂ ਪੈਸਿਆਂ ਦਾ ਬੰਦ ਲਿਫਾਫਾ। ਇਨ੍ਹਾਂ ਵਿਚ ਜੋ ਚਾਹੋ ਲਿਖਕੇ ਸਾਕਾਂ ਸਨਬੰਧੀਆਂ ਨੂੰ ਭੇਜੋ। ਪਤਾ ਲਿਖ ਦਿਓ। ਡਾਕੇ ਪਾ ਦਿਓ। ਉਥੋਂ ਮਹਿਕਮੇ ਵਾਲੇ ਥਾਉਂ ਥਾਈਂ ਪਹੁੰਚਾ ਦੇਂਦੇ ਹਨ। ਭਲਾ ਕਿਵੇਂ ਲਓ ਸੁਣੋ !

ਡਾਕੀਏ ਡਾਕ ਘਰ ਚਿਠੀਆਂ ਵਖ ਵਖ ਕਰਦੇ ਹਨ। ਥਾਂ ਥਾਂ ਦੀਆਂ ਥੈਲੀਆਂ ਭਰਦੇ ਹਨ। ਥੈਲੀਆਂ ਰੇਲ ਤੇ ਜਾਂਦੀਆਂ ਹਨ। ਰੇਲ ਵਿਚ ਡਾਕ ਦੇ ਡੱਬੇ ਹੁੰਦੇ ਹਨ। ਓਥੇ ਥੈਲੀਆਂ ਖੁਲਦੀਆਂ ਹਨ। ਚਿਠੀਆਂ ਛਾਂਟੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਡਾਕ ਘਰੀਂ ਪਹੁੰਚਾਇਆ ਜਾਂਦਾ ਹੈ, ਜਿਥੇ ਡਾਕੀਏ ਘਰੋ ਘਰ ਪਹੁੰਚਾਂਦੇ ਹਨ।

NamdhariElibrary@gmail.com

ਇਸ ਮਹਿਕਮੇ ਰਾਹੀਂ ਕਿਤਾਬਾਂ, ਦਵਾਈਆਂ ਤੇ ਪੈਸੇ ਵੀ ਇਕ ਥਾਂ ਤੋਂ ਦੂਜੀ ਥਾਂ ਪੁਜ ਜਾਂਦੇ ਹਨ। ਟੁਟਣ ਭੱਜਣ ਦਾ ਡਰ ਨਹੀਂ ਹੁੰਦਾ। ਇਹ ਮਹਿਕਮਾ ਲੋਕਾਂ ਦਾ ਰੁਪਿਆ ਪੈਸਾ ਵੀ ਸਾਂਭਦਾ ਹੈ। ਲੋਕ ਵਾਧੂ ਰੁਪਿਆ ਇਥੇ ਰਖ ਦੇਂਦੇ ਹਨ। ਲੋੜ ਵੇਲੇ ਲੈ ਲੈਂਦੇ ਹਨ।

-: ੦ :-

ਮਹਿਕਮਾਂ - ਕਿਸੇ ਕੰਮ ਦਾ ਪ੍ਰਬੰਧ ਕਰਨ ਵਾਲਾ ਅਦਾਰਾ।

ਪ੍ਰਸ਼ਨ

(੧) ਡਾਕਖਾਨੇ ਦੇ ਕੀ ਕੀ ਲਾਭ ਹਨ ?

NamdhariElibrary NamdhariElibrary@gmail.com

ਸਿਖਿਆ

ਇਕ ਦਿਨ ਮੁੰਡਿਆਂ ਮਤਾ ਪਕਾਇਆ।
ਚਲੋ ਲੁਟੀਏ ਅਜ ਹਮਸਾਇਆ।

ਬਾਗ ਉਸਦਾ ਕਰੀਏ ਖਾਲੀ।
ਫਲ ਪੱਕਾ ਨ ਛਡੀਏ ਡਾਲੀ।

ਬਹੀਏ ਜਾ ਫਿਰ ਨਹਿਰ ਕਿਨਾਰੇ।
ਗੱਫੇ ਗਹਿਰੇ ਲਾਈਏ ਸਾਰੇ।

ਛਕ ਛਕਾ ਕੇ ਅੰਬ ਜਾਮਨੂੰ।
ਫੇਰ ਮੁੜਾਂਗੇ ਘਰੀਂ ਸ਼ਾਮਨੂੰ।

ਉਹਨਾਂ ਵਿਚੋਂ ਇਕ ਮੁੰਡਾ ਧਰਮੀ।
ਕਹਿਣ ਲਗਾ ਏਹ ਬੜੀ ਕੁ-ਕਰਮੀ।

ਇਹ ਸੁਣ ਮੁੰਡਿਆਂ ਗੁਸਾ ਕੀਤਾ।
ਮਾਰ ਮਾਰ ਉਹਨੂੰ ਨੀਲਾ ਕੀਤਾ।

ਰੋਂਦਾ ਉਹ ਵਿਦਿਆਲੇ ਆਇਆ।
ਗੁਰ ਆਪਣੇ ਨੂੰ ਹਾਲ ਸੁਣਾਇਆ।

ਗੁਰੂ ਜੀ ਸਾਰੇ ਮੁੰਡੇ ਬੁਲਾਏ।
ਚੋਰੀ ਕਰਨ ਦੇ ਦੋਸ ਗਿਣਾਏ।

Namdhari Elibrary NamdhariElibrary@gmail.com

ਸਭਨਾ ਕੰਨਾਂ ਨੂੰ ਹਥ ਲਾਇਆ।
ਹੋਇਆ ਸਾਥੋਂ ਕਹਿਰ ਖੁਦਾਇਆ।

ਅਗੋਂ ਚੋਰੀ ਮੂਲ ਨਾ ਕਰਸਾਂ।
ਡੰਨ ਨਸਣ ਦਾ ਮੂਲ ਨਾ ਭਰਸਾਂ।

ਸੋਹਾਵਾ ਸਿੰਘ ਪ੍ਰਦੇਸੀ ਮੁਸਾਫਰ

:-: O :-

ਮਤਾ ਪਕਾਇਆ - ਸਲਾਹ ਕੀਤੀ।

ਹਮਸਾਇਆ - ਗਵਾਂਢੀ।

ਕੁ-ਕਰਮੀ - ਬੁਰਾ ਕੰਮ।

ਪ੍ਰਸ਼ਨ

ਇਸ ਕਵਿਤਾ ਨੂੰ ਕਹਾਣੀ ਦੇ ਰੂਪ ਵਿਚ ਸੁਣਾਓ ?

Namdhari Elibrary NamdhariElibrary@gmail.com

ਇਸ਼ਨਾਨ

ਲੋੜੀਂਦਾ ਤਰਾਵਤ ਦਿਮਾਗ

ਤੜਕੇ ਉਠਕੇ ਇਸ਼ਨਾਨ ਕਰਨਾ ਬਹੁਤ ਲੋੜੀਂਦਾ ਹੈ। ਇਹ ਤਾਂ ਗੁਰੂ ਜੀ ਦਾ ਹੁਕਮ ਹੈ ਦੂਜਾ ਇਸਦੇ ਗੁਣ ਵੀ ਬਹੁਤ ਹਨ। ਸਣੇ ਕੇਸਾਂ ਇਸ਼ਨਾਨ ਕਰਨਾ ਜਰੂਰੀ ਹੈ। ਕਈ ਸਿਰ ਵਿਚ ਜਲ ਪਾਉਣ ਤੋਂ ਬਿਨਾਂ ਹੀ ਨ੍ਹਾ ਲੈਂਦੇ ਹਨ। ਪਰ ਉਨ੍ਹਾਂ ਦਾ ਇਸ਼ਨਾਨ ਨਹੀਂ ਨ੍ਹਾਉਣਾ ਹੀ ਸਮਝੋ। ਸਿਰ ਸਾਰੇ ਸਰੀਰ ਦਾ ਪਾਤਸ਼ਾਹ ਹੈ। ਅੰਗਰੇਜੀ ਵਿਚ ਸਿਰ ਨੂੰ ਹੈੱਡ ਕਹਿੰਦੇ ਹਨ। ਦਰਿਆ ਦੇ ਹੈੱਡ ਤੋਂ ਨਹਿਰਾਂ ਨਿਕਲਦੀਆਂ ਹਨ, ਜੋ ਹਜਾਰਾਂ ਤੇ ਲੱਖਾਂ ਖੇਤਾਂ ਨੂੰ ਸਿੰਜ ਕੇ ਅੰਨ ਪੈਦਾ ਕਰਦੀਆਂ ਹਨ। ਮਨੁਖ ਦੇ ਸਰੀਰ ਵਿਚ ਕਈ ਖਾਨੇ ਹਨ। ਸਿਰ ਵਿਚ ਜਲ ਪਾਈਏ ਤਾਂ ਰੋਮਾਂ ਦੇ ਛੇਕਾਂ ਰਾਹੀਂ ਜ਼ਲ ਦਾ ਅਸਰ ਸਰੀਰ ਦੇ ਹਰ ਹਿਸ ਤੇ ਹੁੰਦਾ ਹੈ। ਨੇਤਰਾਂ ਨੂੰ ਤਰਾਵਤ ਪੁਜਦੀ ਹੈ। ਰੋਮ ਰੋਮ ਹਰਾ ਹੋ ਆਉਂਦਾ ਹੈ, ਆਲਸ ਦੂਰ ਹੁੰਦਾ ਹੈ। ਹਿਰਦੇ ਦਾ ਕਮਲ ਖਿੜ ਪੈਂਦਾ ਹੈ, ਦਿਮਾਗ ਤਾਜ਼ਾ ਹੋ ਜਾਂਦਾ ਹੈ। ਸਾਰੇ ਸਰੀਰ ਵਿਚ ਜੀਵਨ ਦਾ ਇਕ ਨਵਾਂ ਪਰਵਾਹ ਚਾਲੂ ਹੁੰਦਾ ਹੈ। ਭਜਨ ਕਰਨ ਨੂੰ ਜੀ ਲੋਚਦਾ ਹੈ। ਗੁਰਬਾਣੀ ਮੱਲੋ ਮਲੀ ਮੂਹੋਂ ਨਿਕਲਦੀ ਹੈ। ਬਾਣੀ ਵਿਚ ਲਿਖਿਆ ਹੈ

ਮੋਇਆਂ ਜੀਂਵਦਿਆਂ ਗਤਿ ਹੋਵੇ,
ਜਾ ਸਿਰਿ ਪਾਈਐ ਪਾਣੀ।

Namdhari Elibrary NamdhariElibrary@gmail.com

ਬਾਲਕਾਂ ਨੂੰ ਚਾਹੀਦਾ ਹੈ ਕਿ ਜਦ ਵੀ ਇਸ਼ਨਾਨ ਕਰਨ ਕੇਸਾਂ ਵਿਚ ਜਲ ਪਾਉਣ। ਜਿਸਦੇ ਸਿਰ ਵਿਚ ਜਲ ਨ ਪਵੇ, ਉਸ ਦੀਆਂ ਅੱਖਾਂ ਤੇ ਰਿਦੇ ਵਿਚ ਠੰਢ ਨਹੀਂ ਪੈ ਸਕਦੀ।

—: o :—

ਲੋੜੀਂਦਾ - ਜ਼ਰੂਰੀ।
ਤਰਾਵਤ - ਠੰਢ।
ਰਿਦੇ - ਜਲ।

ਪ੍ਰਸ਼ਨ

(੧) ਇਸ਼ਨਾਨ ਤੇ ਨ੍ਹਉਣ ਵਿਚ ਕੀ ਫਰਕ ਹੈ?
(੨) ਅੰਗਰੇਜ਼ੀ ਵਿਚ ਸਿਰ ਨੂੰ ਕੀ ਆਖਦੇ ਹਨ?
(੩) ਇਸ਼ਨਾਨ ਬਾਰੇ ਬਾਣੀ ਦਾ ਕੀ ਫੁਰਮਾਨ ਹੈ?

Namdhari Elibrary NamdhariElibrary@gmail.com

ਪੰਚਾਇਤ

ਝਗੜਿਆਂ ਗਵਾਂਢ ਅਦਾਲਤਾਂ ਮਹਿੰਗੀਆਂ

ਬਾਲਕੋ । ਪੰਚਾਇਤ ਪਿੰਡ ਦੇ ਉਹ ਮੁਖੀ ਹੁੰਦੇ ਹਨ, ਜਿਹੜੇ ਝਗੜਿਆਂ ਨੂੰ ਨਬੇੜਦੇ ਹਨ। ਦੁਧ ਦਾ ਦੁਧ ਅਤੇ ਪਾਣੀ ਦਾ ਪਾਣੀ ਕਰਦੇ ਹਨ । ਪੰਚ ਝਗੜੇ ਵਾਲਿਆਂ ਦੇ ਬਿਆਨ ਸੁਣਦੇ ਹਨ। ਗਲੀ ਗਵਾਂਢ ਤੋਂ ਵੀ ਪੁਛਦੇ ਹਨ। ਉਨ੍ਹਾਂ ਸਾਰੀਆਂ ਗੱਲਾਂ ਤੇ ਵਿਚਾਰ ਕਰਦੇ ਹਨ। ਫੇਰ ਝੂਠੇ ਨੂੰ ਝੂਠਾ ਸੱਚੇ ਨੂੰ ਸੱਚਾ ਕਹਿੰਦੇ ਹਨ। ਪੰਚਾਇਤ ਝੂਠਿਆਂ ਨੂੰ ਡੰਨ ਵੀ ਲਾਂਦੀ ਹੈ।

ਸਾਡੇ ਦੇਸ਼ ਵਿਚ ਪਹਿਲਾਂ ਪੰਚਾਇਤਾਂ ਹੁੰਦੀਆਂ ਸਨ, ਅੰਗਰੇਜ ਰਾਜ ਵੇਲੇ ਸਤਿਗੁਰੂ ਰਾਮ ਸਿੰਘ ਜੀ ਪੰਚਾਇਤ ਵਿਚ ਝਗੜਿਆਂ ਨੂੰ ਨਬੇੜਨ ਦਾ ਹੁਕਮ ਕੀਤਾ। ਉਸ ਵੇਲੇ ਲੋਕ ਕਚਹਿਰੀ ਜਾਣਾ ਪਾਪ ਸਮਝਦੇ ਸਨ।

ਅਦਾਲਤਾਂ ਵਿਚ ਖਰਚ ਹੁੰਦਾ ਹੈ। ਘਰ ਦੇ ਕੰਮ ਛਡਣੇ ਪੈਂਦੇ ਹਨ। ਵਕੀਲ ਕਰਨੇ ਪੈਂਦੇ ਹਨ । ਫੀਸਾਂ ਭਰਨੀਆਂ ਪੈਂਦੀਆਂ ਹਨ। ਗਵਾਹ ਝੂਠ ਬੋਲ ਜਾਂਦੇ ਹਨ। ਜਜ ਬਿਆਨਾਂ ਤੇ ਫੈਸਲਾ ਕਰਦੇ ਹਨ। ਕਈ ਵਾਰ ਚੋਰ ਛੁਟ ਜਾਂਦੇ ਹਨ। ਸਾਧ ਬੱਝ ਜਾਂਦੇ ਹਨ।

ਪਿੰਡ ਵਿਚ ਸਾਰੇ ਰਲ ਮਿਲ ਕੇ ਰਹਿੰਦੇ ਹਨ। ਸੱਚੀ ਝੂਠੀ ਗਲ ਸਾਰੇ ਜਾਣਦੇ ਹਨ। ਫੈਸਲਾ ਕਰਨ ਵਿਚ ਦੇਰ ਨਹੀਂ ਲਗਦੀ। ਸਮਾ ਥੋੜਾ ਲਗਦਾ ਹੈ। ਪੈਸੇ ਘਟ ਲਗਦੇ ਹਨ ਸਾਰੇ ਸੁਖੀ ਰਹਿੰਦੇ ਹਨ।

Namdhari Elibrary NamdhariElibrary@gmail.com

ਅਦਾਲਤ - ਕਚਹਿਰੀ ।
ਦੁਧ ਦਾ ਦੁਧ ਤੇ ਪਾਣੀ ਦਾ ਪਾਣੀ - ਪੂਰਾ ਪੂਰਾ ਨਿਆਂ ।

ਪ੍ਰਸ਼ਨ

(੧) ਪੰਚਾਇਤ ਦੇ ਕੀ ਲਾਭ ਹਨ ?

(੨) ਗੁਰੂ ਰਾਮ ਸਿੰਘ ਜੀ ਨਿਆਂ ਕਿਵੇਂ ਪਸੰਦ ਕਰਦੇ ਸਨ ?

Namdhari Elibrary NamdhariElibrary@gmail.com

ਸੇਵਾ

ਅਦਬ ਨਿਰਮਲ ਪ੍ਰਸਿਧ ਅਖੌਤ

ਸੇਵਾ ਇਕ ਉੱਤਮ ਗੁਣ ਹੈ। ਸੇਵਾ ਕੋਈ ਭਾਗਾਂ ਵਾਲਾ ਕਰਦਾ ਹੈ। ਮਾਤਾ ਪਿਤਾ ਦੀ ਸੇਵਾ, ਬਾਲਕਾਂ ਦਾ ਪਹਿਲਾ ਕੰਮ ਹੈ। ਉਨ੍ਹਾਂ ਦੇ ਆਖ਼ੇ ਲਗਣਾ ਤੇ ਅਦਬ ਕਰਨਾ, ਵੱਡੀ ਸੇਵਾ ਹੈ। ਉਸਤਾਦ ਦੀ ਸੇਵਾ ਕਰਨ ਨਾਲ ਵਿਦਿਆ ਆਉਂਦੀ ਹੈ। ਉਸਤਾਦ ਖੁਸ਼ ਹੋਕੇ ਬਾਲਕਾਂ ਨੂੰ ਅਸੀਸਾਂ ਦੇਂਦੇ ਹਨ। ਗੁਰੂ ਜੀ ਦੀ ਸੇਵਾ ਨਾਲ ਮਨ ਨਿਰਮਲ ਹੁੰਦਾ ਹੈ। ਲੋਕ -ਸੇਵਾ ਨਾਲ ਸਤਿਗੁਰਾਂ ਦੀ ਪ੍ਰਸੰਨਤਾ ਹੁੰਦੀ ਹੈ, ਪ੍ਰਸਿਧ ਅਖੌਤ ਹੈ :

ਕਰ ਸੇਵਾ ਤੇ ਖਾਹ ਮੇਵਾ

ਧੰਨੇ ਨੇ ਸੇਵਾ ਕੀਤੀ ਓਹਨੂੰ ਪ੍ਰਮੇਸ਼ਰ ਦਾ ਦਰਸ਼ਨ ਹੋ ਗਇਆ। ਸੈਣ ਨਾਈ ਨੇ ਸੇਵਾ ਕੀਤੀ, ਉਸਨੂੰ ਬੜਾ ਮਾਣ ਪ੍ਰਾਪਤ ਹੋਇਆ। ਲਹਿਣੇ ਨੇ ਸੇਵਾ ਕੀਤੀ, ਗੁਰੂ ਹੋ ਗਇਆ। ਤਾਂ ਤੇ ਬਾਲਕੋ ਸੇਵਾ ਕਰੋ। ਸੰਗਤ ਦੇ ਜੂਠੇ ਭਾਂਡੇ ਮਾਂਜੋ। ਸਾਧ ਸੰਗਤ ਦੇ ਜੋੜੇ ਝਾੜੋ। ਅਜੇਹੀ ਕਰਨੀ ਨਾਲ ਤੁਹਾਨੂੰ ਵਿਦਿਆ ਪ੍ਰਾਪਤ ਹੋਵੇਗੀ।

.: ੦ :.

ਅਦਬ - ਸਤਿਕਾਰ।
ਅਖੌਤ - ਕਹਾਵਤ।

ਪ੍ਰਸ਼ਨ

(੧) ਸੇਵਾ ਕੌਣ ਕਰਦਾ ਹੈ।
(੨) ਗੁਰੂ ਜੀ ਦੀ ਸੇਵਾ ਦਾ ਕੀ ਲਾਭ ਹੈ ?

Namdhari Elibrary NamdhariElibrary@gmail.com

ਨਸ਼ਿਆਂ ਦੇ ਔਗੁਣ

ਜ਼ਹਿਰ ਅਲਕੋਹਲ ਨਿਕੋਟੀਨ

ਬਾਲਕੋ ! ਨਸ਼ੇ ਬੁਰੀ ਬਲਾ ਹਨ। ਇਹ ਸਰੀਰ ਨੂੰ ਜੀਉਂਦਿਆਂ ਹੀ ਅਧਮੋਇਆ ਬਣਾ ਦੇਂਦੇ ਹਨ। ਸਿਆਣਿਆਂ ਨੇ ਮਾਲੂਮ ਕੀਤਾ ਹੈ। ਕਿ ਸ਼ਰਾਬ ਵਿਚ ਇਕ ਜ਼ਹਿਰ ਹੈ, ਜਿਸਨੂੰ ਅਲਕੋਹਲ ਕਹਿੰਦੇ ਹਨ। ਇਹ ਫੇਫੜੇ, ਜਿਗਰ, ਦਿਲ ਨੂੰ ਕਮਜ਼ੋਰ ਕਰਦੀ।

ਤਮਾਕੂ ਵਿਚ ਵੀ ਇਕ ਜ਼ਹਿਰ ਹੈ ਉਸਨੂੰ ਨਿਕੋਟੀਨ ਆਖਦੇ ਹਨ। ਇਹ ਗਲ ਤੇ ਨੱਕ ਨੂੰ ਖਰਾਬ ਕਰਦਾ ਹੈ । ਇਸ ਨਾਲ ਫੇਫੜੇ ਵੀ ਖਰਾਬ ਹੋ ਜਾਂਦੇ ਹਨ। ਦਿਮਾਗ ਵੀ ਕਮਜ਼ੋਰ ਹੋ ਜਾਂਦਾ ਹੈ। ਇਸਦੇ ਪੀਣ ਨਾਲ ਦਿਲ ਦੀ ਬਿਮਾਰੀ ਲਗ ਜਾਂਦੀ ਹੈ।

ਚਾਹ ਵਿਚ ਵੀ ਇਕ ਪਰਕਾਰ ਦਾ ਜ਼ਹਿਰ ਹੈ। ਜਿਹੜਾ ਸਰੀਰ ਦੇ ਪਠਿਆਂ ਨੂੰ ਨਾਕਾਰਾ ਬਣਾ ਦੇਂਦਾ ਹੈ। ਇਸ ਵਿਚ ਲਾਭ ਵਾਲੀ ਕੋਈ ਵਸਤੂ ਨਹੀਂ। ਇਸਦੀ ਬਜਾਏ, ਦੂਧ, ਘਿਉ, ਫਲ, ਸਬਜ਼ੀਆਂ ਦੀ ਵਰਤੋਂ ਸਰੀਰ ਵਾਸਤੇ ਬਹੁਤ ਗੁਣਕਾਰੀ ਹੈ । ਨਸ਼ਿਆਂ ਦੀ ਵਰਤੋਂ ਨੂੰ ਸਭ ਧਰਮਾਂ ਨੇ ਨਿੰਦਿਆ ਹੈ।

.: ੦ :.

Namdhari Elibrary NamdhariElibrary@gmail.com

ਗੁਣਕਾਰੀ - ਫਾਇਦੇ-ਮੰਦ

ਪੱਠੇ - ਉਹ ਮਾਸ ਦੇ ਟੁਕੜੇ ਜਿਨ੍ਹਾਂ ਨਾਲ ਸਰੀਰ ਦੇ ਅੰਗ ਬਣਦੇ ਹਨ !

ਪ੍ਰਸ਼ਨ

(੧) ਨਸ਼ਿਆਂ ਦੇ ਕੀ ਹਾਨ ਹਨ ?

(੨) ਨਸ਼ਿਆਂ ਦੀ ਥਾਂ ਕਿਹੜੀਆਂ ਵਸਤਾਂ ਵਰਤਣੀਆਂ ਯੋਗ ਹਨ ?

Namdhari Elibrary NamdhariElibrary@gmail.com

ਭਜਨ

ਆਸਤਕ ਨਾਸਤਕ ਜੁਗਤੀ ਕਲਿਆਨ

ਰੱਬ ਨੂੰ ਮੰਨਣ ਵਾਲੇ ਆਸਤਕ ਹੁੰਦੇ ਹਨ । ਰੱਬ ਨੂੰ ਨ ਮਨਣ ਵਾਲਿਆਂ ਨੂੰ ਨਾਸਤਕ ਆਖਦੇ ਹਨ । ਗੁਰੂ, ਅਵਤਾਰ, ਸੰਤ, ਸਾਧ, ਸਾਰੇ ਆਸਤਕ ਹਨ। ਪ੍ਰਮੇਸ਼ਰ ਦਾ ਨਾਮ ਜਪਣਾਂ ਉਨ੍ਹਾਂ ਦਾ ਕੰਮ ਹੈ। ਉਹ ਸੰਸਾਰੀਆਂ ਨੂੰ ਵੀ ਭਜਨ ਕਰਨ ਦਾ ਉਪਦੇਸ਼ ਕਰਦੇ ਹਨ । ਭਜਨ ਕਰਨ ਨਾਲ ਹੀ ਜੀਵ ਦਾ ਭਲਾ ਹੈ । ਭਜਨ ਕੀਤਿਆਂ ਹਿਰਦਾ ਪਵਿਤਰ ਹੁੰਦਾ ਹੈ। ਨਾਮ ਜਪਣਾ ਤੇ ਸੇਵਾ ਕਰਨੀ ਹੀ ਅਸਲੀ ਜੀਵਨ ਹੈ । ਪ੍ਰਮੇਸ਼ਰ ਦਾ ਨਾਮ ਜਪਣਾ ਜਿੰਦਗੀ ਹੈ । ਉਸਨੂੰ ਭੁਲ ਜਾਣਾ ਮੌਤ ਹੈ । ਗੁਰੂ ਜੀ ਦਾ ਵਾਕ ਹੈ :-

ਕਹੁ ਨਾਨਕ ਇਹੁ ਤਤ ਬੀਚਾਰਾ।
ਬਿਨੁ ਹਰਿ ਭਜਨ ਨਹੀਂ ਛੁਟਕਾਰਾ।

ਭਜਨ ਦੀ ਜੁਗਤੀ ਸੰਤ ਦਸਦੇ ਹਨ। ਸੰਤ ਹੀ ਨਾਮ ਖਜਾਨੇ ਦੇ ਵਰਤਾਵੇ ਹਨ। ਉਹ ਸਤਿਗੁਰੂ ਜੀ ਦੀ ਆਗਿਆ ਨਾਲ ਨਾਮ ਦੇਕੇ ਜੀਆਂ ਦਾ ਕਲਿਆਨ ਕਰਦੇ ਹਨ।

—: o :—

ਸੰਸਾਰੀ - ਸੰਸਾਰ ਦੇ ਰਹਿਣ ਵਾਲੇ ।
ਤੱਤ - ਅਸਲੀਅਤ ।
ਕਲਿਆਨ - ਛੁਟਕਾਰਾ, ਭਲਾ ।

ਪ੍ਰਸ਼ਨ

(੧) ਆਸਤਕ ਤੇ ਨਾਸਤਕ ਵਿਚ ਕੀ ਫਰਕ ਹੈ ?
(੨) ਅਸਲੀ ਜੀਵਨ ਕੀ ਹੈ ?

Namdhari Elibrary NamdhariElibrary@gmail.com

ਧਰਮੀ ਪਰਵਾਨੇ

ਮੁਗਲਾਂ   ਅਨੰਦਪੁਰ   ਔਰੰਗਜ਼ੇਬ   ਸਰਹੰਦ

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸ਼ਾਹਿਬਜਾਦੇ ਸਨ। ਉਹ ਸਨ ਸਾਹਿਬ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਹ ਸਿੰਘ। ਇਹ ਬੜੇ ਲਾਡਾਂ ਪਿਆਰਾਂ ਨਾਲ ਪਾਲੇ ਗਏ ਸਨ। ਸੰਗਤਾਂ ਅੱਖਾਂ ਤੇ ਬਿਠਾਉਂਦੀਆਂ ਸਨ।

ਉਸ ਵੇਲੇ ਮੁਗਲਾਂ ਦਾ ਰਾਜ ਸੀ। ਔਰੰਗਜੇਬ ਹਿੰਦੂ ਜਾਤੀ ਨੂੰ ਮੁਸਲਮਾਨ ਬਨਾਉਣਾ ਚਾਹੁੰਦਾ ਸੀ। ਸਿੱਖ ਧਰਮ ਸਾਰਿਆਂ ਧਰਮਾਂ ਦਾ ਸਤਿਕਾਰ ਕਰਦਾ ਹੈ। ਮਗਰ ਕਿਸੇ ਦਾ ਧੱਕਾ ਨਹੀਂ ਸਹਾਰ ਸਕਦਾ। ਗੁਰੂ ਗੋਬਿੰਦ ਸਿੰਘ ਜੀ ਨੂੰ ਔਰੰਗਜ਼ੇਬ ਦੀ ਇਹ ਨੀਤੀ ਚੰਗੀ ਨ ਲਗੀ। ਉਹਨਾਂ ਦੇਸ਼ ਤੇ ਧਰਮ ਦੀ ਰਖਿਆ ਲਈ ਖਾਲਸਾ ਪੈਦਾ ਕੀਤਾ।

ਔਰੰਗਜੇਬ ਨੇ ਗੁਰੂ ਜੀ ਨੂੰ ਫੜਨ ਵਾਸਤੇ ਲੱਖਾਂ ਦੀ ਫੌਜ ਭੇਜੀ। ਕਈ ਪਹਾੜੀ ਰਾਜਿਆਂ ਵੀ ਮੁਗਲਾਂ ਦਾ ਸਾਥ ਦਿਤਾ। ਉਹਨਾਂ ਅਨੰਦਪੁਰ ਨੂੰ ਘੇਰ ਲਿਆ। ਕਈ ਮਹੀਨੇ ਘੇਰਾ ਰਹਿਆ। ਮੁਗਲ ਸੈਨਾਂ ਸਫਲ ਨ ਹੋਈ ਅਤੇ ਉਹਨਾਂ ਝੂਠੀਆ ਸਹੁੰਆਂ ਚੁਕ ਕੇ ਗੁਰੂ ਜੀ ਪਾਸੋਂ ਕਿਲਾ ਛੁਡਵਾਇਆ। ਫ਼ੇਰ ਹੱਲਾ ਬੋਲ ਦਿਤਾ। ਸਿਖਾਂ ਦਾ ਭਾਰੀ ਤੋਂ ਭਾਰੀ ਨੁਕਸਾਨ ਹੋਇਆ। ਸਾਰਾ ਪਰਵਾਰ ਖਿਲਰ ਪੁਲਰ ਗਇਆ।

Namdhari Elibrary   NamdhariElibrary@gmail.com

ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਦੀ ਗੜ੍ਹੀ ਵਿਚ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੰਗੂ ਰਸੋਈਏ ਬੜਾ ਨੀਚ ਕੰਮ ਕੀਤਾ। ਉਸਨੇ ਮਾਤਾ ਗੁਜਰੀ ਅਤੇ ਛੋਟੇ ਸਾਹਿਬ-ਜਾਦਿਆਂ ਨੂੰ ਸਰਹੰਦ ਦੇ ਸੂਬੇ ਹਵਾਲੇ ਕਰਵਾ ਦਿਤਾ।

ਸੂਬੇ ਨੇ ਉਨ੍ਹਾਂ ਨੂੰ ਮੁਸਲਮਾਨ ਬਨਣ ਵਾਸਤੇ ਬਹੁਤ ਸਾਰੇ ਡਰ ਤੇ ਲਾਲਚ ਦਿਤੇ। ਉਨ੍ਹਾਂ ਸੂਰਿਆਂ ਉੱਤਰ ਦਿਤਾ, ਸਾਡਾ ਧਰਮ, ਸਾਨੂੰ ਪਿਆਰਾ ਹੈ। ਇਸ ਦੇ ਟਾਕਰੇ ਤੇ ਦੁਨੀਆਂ ਦੀਆਂ ਦੌਲਤਾਂ ਅਤੇ ਸੁਖ ਕਿਸੇ ਕੰਮ ਨਹੀਂ।

ਜਦੋਂ ਸਾਹਿਬ-ਜ਼ਾਦਿਆਂ ਕੋਈ ਗਲ ਨ ਮੰਨੀ ਤਾਂ ਸੂਬੇ ਨੇ ਉਨ੍ਹਾਂ ਨੂੰ ਕਤਲ ਦਾ ਹੁਕਮ ਦੇ ਦਿਤਾ। ਸ਼ਾਹਿਬ-ਜ਼ਾਦਿਆਂ ਕੋਈ ਭੈ ਨ ਮੰਨਿਆ। ਉਹ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ। ਇਕ ਅਮੀਰ ਮੁਸਲਮਾਨ ਮਲੇਰ ਕੋਟਲੇ ਦੇ ਨਵਾਬ ਨੇ ਸੂਬੇ ਦੇ ਇਸ ਹੁਕਮ ਨੂੰ ਬੁਰਾ ਮਨਾਇਆ ਅਤੇ ਸਾਹਿਬਜ਼ਾਦਿਆਂ ਨੂੰ ਛਡ ਦੇਣ ਵਾਸਤੇ ਕਹਿਆ: ਮਗਰ ਕੋਲੋਂ ਸੁਚਾ ਨੰਦ ਦਰਬਾਰੀ ਨੇ ਕਹਿਆ: ਸੂਬਾ ਸਾਹਿਬ! ਸੱਪਾਂ ਦੇ ਪੁਤਰ ਸੱਪ ਹੁੰਦੇ ਹਨ।

ਉਨ੍ਹਾਂ ਨੂੰ ਕੋਈ ਭੈ ਨ ਆਇਆ। ਉਨ੍ਹਾਂ ਨੂੰ ਕੋਈ ਡਰ ਨ ਲਗਾ। ਉਹ ਖਿੜੇ ਮੱਥੇ ਰਹੇ। ਜਲਾਦਾਂ ਨੇ ਤਲਵਾਰ ਮਾਰ ਉਨ੍ਹਾਂ ਦੇ ਸਿਰ ਧੜ ਤੋਂ ਵਖ ਕਰ ਦਿਤੇ।

ਬਾਲਕੋ! ਧਰਮ ਸੰਸਾਰ ਦੇ ਸੁਖਾਂ ਨਾਲੋਂ ਵਧੇਰੇ ਸੁਖ ਦੇਂਦਾ ਹੈ। ਧਰਮ ਤੇ ਕਾਇਮ ਰਹਿਣਾ ਹਰ ਪ੍ਰਾਣੀ ਦਾ ਫਰਜ਼ ਹੈ। ਗੁਰੂ ਜੀ ਦੇ ਸਾਹਿਬ ਜ਼ਾਦਿਆਂ ਸੰਸਾਰ ਦੇ ਸੁਖਾਂ ਨੂੰ ਲੱਤ ਮਾਰ ਦਿਤੀ ਅਤੇ ਆਪਣੇ ਧਰਮ ਤੇ ਕਾਇਮ ਰਹੇ।

Namdhari Elibrary NamdhariElibrary@gmail.com

ਅੱਖਾਂ ਤੇ ਬਿਠਾਣਾਂ-ਬੜਾ ਆਦਰ ਕਰਨਾ ।

ਸ਼ਹੀਦ ਹੋਣਾ-ਧਰਮ ਜਾਂ ਦੇਸ਼ ਦੀ ਖਾਤਰ ਜਾਨ ਦੇ ਦੇਣਾ।

ਸੁਖਾਂ ਨੂੰ ਲਤ ਮਾਰਨੀ-ਸੁਖਾਂ ਨੂੰ ਤਿਆਗਣਾ।

ਪ੍ਰਸ਼ਨ

(੧) ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਕਿਹੜੇ ਕਿਹੜੇ ਸਾਹਿਬ-ਜ਼ਾਦੇ ਸਨ।

(੨) ਛੋਟੇ ਸਾਹਿਬ ਜ਼ਾਦਿਆਂ ਦੀ ਸ਼ਹੀਦੀ ਦੀ ਵਾਰਤਾ ਦਸੋ।

NamdhariElibrary NamdhariElibrary@gmail.com

ਕਾਮੇ

ਹਵਾਈ ਜਹਾਜ | ਨਿੰਦਿਆ | ਉਗਾਂਦੇ ਹਨ।

ਬਾਲਕੋ ! ਸੰਸਾਰ ਵਿਚ ਕਾਮਿਆਂ ਦਾ ਉੱਚਾ ਦਰਜਾ ਹੈ। ਕਾਮੇ ਸੰਸਾਰ ਨੂੰ ਸੁਹਣਾ ਬਣਾਉਂਦੇ ਹਨ। ਕਾਮੇ ਕਪੜੇ ਦੇਂਦੇ ਹਨ। ਕਾਮੇ ਭੋਜਨ ਪਹੁੰਚਾਂਦੇ ਹਨ । ਕਾਮੇ ਫਲ ਸਬਜ਼ੀਆਂ ਵੀ ਮਨੁਖ ਲਈ ਉਗਾਂਦੇ ਹਨ। ਇਸ ਸਮੇਂ ਵਿਚ ਕਾਮੇ ਹੋਰ ਵੀ ਲਾਭਵੰਦ ਕੰਮ ਸਿਖ ਗਏ ਹਨ। ਮੋਟਰਾਂ, ਗਡੀਆਂ, ਹਵਾਈ ਜਹਾਜ਼ ਤੇ ਪਾਣੀ ਵਾਲੇ ਜਹਾਜ਼ ਵੀ ਕਾਮੇ ਬਨਾਉਣੇ ਸਿੱਖ ਗਏ ਹਨ। ਪੜ੍ਹਾਈ ਦੀਆਂ ਪੁਸਤਕਾਂ ਤੇ ਅਖਬਾਰ ਵੀ ਕਾਮੇ ਹੀ ਸਾਨੂੰ ਦੇਂਦੇ ਹਨ।

ਸੁਚੇ ਕਾਮੇ ਨੂੰ ਸਦਾ ਮਾਣ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਲਾਲੋ ਕਿਰਤੀ ਦਾ ਪ੍ਰਸ਼ਾਦਾ ਪਸੰਦ ਕੀਤਾ । ਭਾਗੋ ਦੇ ਪੂੜੇ ਤੇ ਪੂਰੀਆਂ ਨੂੰ ਨਿੰਦਿਆ । ਗੁਰੂ ਗੋਬਿੰਦ ਸਿੰਘ ਜੀ ਹੱਥੀਂ ਕੰਮ ਨ ਕਰਨ ਵਾਲੇ ਪਾਸੋਂ ਜਲ ਨ ਛਕਿਆ। ਗੁਰੂ ਰਾਮ ਸਿੰਘ ਜੀ ਸਾਧਾਂ ਦਾ ਖੂਹ ਤੇ ਇਸ਼ਨਾਨ ਕਰਾਇਆ ਕਰਦੇ ਸਨ। ਗਾਂਧੀ ਚਰਖਾ ਕਤਿਆ ਕਰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਮੇਲਿਆਂ ਤੇ ਸੰਗਤ ਦੇ ਜੂਠੇ ਭਾਂਡੇ ਮਾਂਜਿਆ ਕਰਦੇ ਹਨ ।

Namdhari Elibrary NamdhariElibrary@gmail.com

ਬਾਲਕੋ ! ਕਿਰਤ ਬੜੀ ਚੰਗੀ ਦਾਤ ਹੈ। ਦਸਾਂ ਨਵ੍ਹਾਂ ਦੀ ਕਿਰਤ ਮਾਣ ਦਵਾਉਂਦੀ ਹੈ । ਦਸਾਂ ਨਵ੍ਹਾਂ ਦੀ ਕਿਰਤ ਰੱਬ ਨੂੰ ਵੀ ਮਿਲਾ ਦੇਂਦੀ ਹੈ। ਸਿਆਣਿਆਂ ਠੀਕ ਆਖਿਆ ਹੈ :

ਹੱਬ ਕਾਰ ਵਲ ।
ਚਿੱਤ ਯਾਰ ਵਲ ।

-: O :-

ਸੁਚਾ ਕਾਮਾ-ਨੇਕ ਕਮਾਈ ਕਰਨ ਵਾਲਾ, ਕਿਸੇ ਦਾ ਹੱਕ ਨਾ ਮਾਰਨ ਵਾਲਾ।

ਹੱਥ ਕਾਰ ਵਲ, ਚਿਤ ਯਾਰ ਵਲ-ਹੱਥਾਂ ਨਾਲ ਕੰਮ ਕਰੋ, ਦਿਲ ਵਿਚ ਰੱਬ ਨੂੰ ਯਾਦ ਕਰੋ ।

ਪ੍ਰਸ਼ਨ

(੧) ਕਾਮੇ ਦੇ ਕੀ ਕੀ ਗੁਣ ਹੋਣੇ ਚਾਹੀਦੇ ਹਨ ?
(੨) ਭਾਈ ਲਾਲੋ ਦੀ ਸਾਖੀ ਸੁਣਾਓ ।

NamdhariElibrary NamdhariElibrary@gmail.com

ਆਜ਼ਾਦੀ ਦੀ ਕਹਾਣੀ !

ਕਚਹਿਰੀਆਂ ਬਾਈਕਾਟ ਕਾਂਗਰਸ ਅਸੂਲ

ਭਾਰਤ ਆਪੋ ਵਿਚ ਫੁਟ ਕਾਰਨ ਗੁਲਾਮ ਹੋ ਗਇਆ, ਪਹਿਲਾਂ ਮੁਸਲਮਾਨਾਂ ਰਾਜ ਕੀਤਾ । ਫੇਰ ਅੰਗਰੇਜ ਆਏ । ਮੁਸਲਮਾਨਾਂ ਤੋਂ ਛੁਟਕਾਰਾ ਪਾਉਣ ਵਾਸਤੇ ਮਹਾਰਾਣਾ ਪ੍ਰਤਾਪ, ਸ਼ਿਵਾ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇਸ਼ ਨੂੰ ਉਭਾਰਿਆ ਤੇ ਲੜਾਈਆਂ ਲੜੀਆਂ । ਦੇਸ਼ ਵਾਸਤੇ ਸਿੱਖ ਨੌਜਵਾਨਾਂ, ਬਿਰਧਾਂ ਬਾਲਕਾਂ ਅਤੇ ਇਸਤ੍ਰੀਆਂ ਸ਼ਹੀਦੀਆਂ ਪਾਈਆਂ ।

ਅੰਗਰੇਜਾਂ ਤੋਂ ਖਲਾਸੀ ਪਾਉਣ ਲਈ ੧੮੫੭ ਵਿਚ ਇਕ ਲੜਾਈ ਲੜੀ ਗਈ । ਉਸ ਵਿਚ ਰਾਣੀ ਝਾਂਸੀ, ਤਾਂਤੀਆ ਤੇ ਹੋਰ ਦੇਸ਼ ਭਗਤਾਂ ਹਿਸਾ ਲਇਆ ਮਗਰ ਜਿਤ ਨ ਹੋਈ। ਸਤਿਗੁਰੂ ਰਾਮ ਸਿੰਘ ਜੀ ਦੇਸ ਨੂੰ ਲੜਾਈ ਦਾ ਨਵਾਂ ਰਾਹ ਦਸਿਆ ! ਉਹ ਸੀ ਬਾਈਕਾਟ । ਸਕੂਲਾਂ ਦਾ ਬਾਈਕਾਟ । ਕਚਹਿਰੀਆਂ ਦਾ ਬਾਈਕਾਟ ਬਦੇਸ਼ੀ ਵਸਤਾਂ ਦਾ ਬਾਈਕਾਟ । ਅੰਗਰੇਜ਼ ਕੰਬ ਉਠਿਆ । ਉਸ ਨਾਮਧਾਰੀਆਂ ਨੂੰ ਫਾਹੇ ਲਾਇਆ । ਉਸ ਕੂਕਿਆਂ ਨੂੰ ਤੋਪ ਨਾਲ ਉਡਾਇਆ। ਸਤਿਗੁਰਾਂ ਨੂੰ ਪਰਦੇਸ ਭੇਜ ਦਿਤਾ।

ਉਸ ਪਿਛੋਂ ਕਾਂਗਰਸ ਆਈ। ਉਸ ਵੀ ਸਤਿਗੁਰਾਂ ਦੇ ਅਸੂਲਾਂ ਨੂੰ ਸਾਹਮਣੇ ਰਖਕੇ ਲੜਾਈ ਲੜੀ । ਇਸ ਦੇ ਵਡੇ ਵਡੇ ਸੂਰਮੇ ਤਿਲਕ

Namdhari Elibrary NamdhariElibrary@gmail.com

ਜੀ, ਮਹਾਤਮਾ ਗਾਂਧੀ, ਜਵਾਹਰ ਲਾਲ, ਸ੍ਰ. ਪਟੇਲ, ਮੌਲਾਨਾ ਆਜਾਦ, ਸ੍ਰ. ਭਗਤ ਸਿੰਘ ਤੇ ਸੁਭਾਸ਼ ਜੀ ਸਨ। ਇਸ ਦੇ ਨਾਲ ਨਾਲ ਦੇਸ਼ ਦੀਆਂ ਵੱਖ ਵੱਖ ਪਾਰਟੀਆਂ ਵੀ ਕਾਂਗਰਸ ਦੀ ਮਦਦ ਕੀਤੀ। ਹਿੰਦੂਆਂ, ਸਿੱਖਾਂ ਮੁਸਲਮਾਨਾਂ ਵੀ ਹਿਸਾ ਪਾਇਆ ਤੇ ੧੯੪੭ ਨੂੰ ਭਾਰਤ ਆਜਾਦ ਹੋ ਗਿਆ। ਹੁਣ ਅਸੀਂ ਆਜ਼ਾਦ ਹਾਂ॥

—: o :—

ਫੁਟ - ਬੇ-ਇਤਫਾਕੀ

ਉਭਾਰਿਆ - ਖਿਆਲ ਕਰਾਇਆ, ਪ੍ਰੇਰਨਾਂ ਦਿਤੀ॥

ਪਾਰਟੀਆਂ - ਜਥੇਬੰਦੀਆਂ।

ਪ੍ਰਸ਼ਨ

(੧) ਦੇਸ਼ ਨੂੰ ਆਜਾਦ ਕਰਾਉਣ ਵਾਲੇ ਮਹਾਂ ਪੁਰਸ਼ਾਂ ਦੇ ਨਾਉਂ ਦਸੋ।

(੨) ਸਿੱਖਾਂ ਦੀਆਂ ਕੁਰਬਾਨੀਆਂ ਵਰਨਣ ਕਰੋ॥

Namdhari Elibrary NamdhariElibrary@gmail.com

ਵਡੀਆਂ ਗੱਲਾਂ

ਸਰਾਫੀ ਗ੍ਰਿਬਣੀ ਗਵਾਂਢੀ

ਛਜੂ ਜੀ ਇਕ ਭਗਤ ਸਨ । ਉਹ ਗੁਰੂ ਅਰਜਨ ਦੇਵ ਜੀ ਦੇ ਪ੍ਰੇਮੀ ਸਨ। ਉਹ ਲਾਹੌਰ ਰਹਿੰਦੇ ਸਨ। ਉਹ ਬੜੇ ਪਰ-ਉਪਕਾਰੀ ਸਨ। ਪਹਿਲੇ ਪਹਿਲ ਉਹ ਸਰਾਫੀ ਦੀ ਦੁਕਾਨ ਕਰਿਆ ਕਰਦੇ ਸਨ।

ਇਕ ਵੇਰ ਦੀ ਗਲ ਹੈ ਇਕ ਗ੍ਰਿਬਣੀ ਦੀ ਲੜਕੀ ਬੀਮਾਰ ਹੋ ਗਈ । ਬੜੀ ਬੀਮਾਰ ਹੋ ਗਈ । ਉਸ ਕੋਲ ਕੇਵਲ ਇਕ ਰੁਪਿਆ ਸੀ ਉਹ ਰੁਪਿਆ ਵੀ ਖੋਟਾ । ਉਹ ਵਿਚਾਰੀ ਉਸੇ ਰੁਪਏ ਨੂੰ ਲੈਕ ਬਾਜ਼ਾਰ ਗਈ। ਦਵਾਈ ਵਾਸਤੇ ਗਈ । ਭਲਾ ਖੋਟਾ ਰੁਪਿਆ ਕੌਣ ਲਵੇ। ਉਸ ਗ੍ਰਿਬਣੀ ਸਾਰਾ ਬਾਜ਼ਾਰ ਫਿਰਿਆ ਕਿਤੋਂ ਭਾਨ ਨਾ ਲਭਾ ।

ਫਿਰਦੀ ਫਿਰਦੀ ਭਗਤ ਜੀ ਪਾਸ ਗਈ। ਉਸ ਕਹਿਆ : 'ਭਗਤ ਜੀ। ਮੈਨੂੰ ਭਾਨ ਚਾਹੀਦਾ ਹੈ। ਤੁਹਾਡੇ ਕੋਲ ਹੈ ? ਮੇਰੀ ਬੀਬੀ ਬੀਮਾਰ ਹੈ। ਮੈਂ ਦਵਾਈ ਲੈਣੀ ਹੈ ।' ਛਜੂ ਕਹਿਆ ਬੀਬੀ ਲਿਆ ਵੇਖਦਾ ਹਾਂ।' ਬੁਢੜੀ ਭਾਨ ਲੈ ਦਵਾਈ ਲੈ ਆਈ।

ਆਂਢੀਆਂ ਗਵਾਂਢੀਆਂ ਛਜੂ ਨੂੰ ਕਹਿਆ : ਭਗਤ ਜੀ ! ਇਹ ਰੁਪਿਆ ਖੋਟਾ ਹੈ । ਬੁਢੜੀ ਤੁਹਾਨੂੰ ਠੱਗ ਲੈ ਗਈ ਛਜੂ ਉੱਤਰ ਦਿਤਾ :- 'ਭਲਿਓ ਲੋਕੋ ! ਉਹ ਗ੍ਰਿਬਣੀ ਸੀ। ਉਸਦਾ ਕਿਰਤ ਕਮਾਈ

Namdhari Elibrary NamdhariElibrary@gmail.com

ਦਾ ਰੁਪਿਆ ਸੀ। ਉਸ ਨੂੰ ਲੜਕੀ ਦੀ ਦਵਾਈ ਵਾਸਤੇ ਲੋੜ ਸੀ। ਉਸਦੀ ਲੋੜ ਪੂਰੀ ਕਰਨੀ ਸੀ। ਇਹ ਮੈਨੂੰ ਖੋਟਾ ਨਹੀਂ ਜਾਪਦਾ। ਖਰਾ ਹੈ ਖਰਾ, ਸੋਲ੍ਹਾਂ ਆਨੇ ਖਰਾ।

ਗਵਾਂਢੀ ਚੁਪ ਹੋ ਗਏ। ਭਗਤ ਜੀ ਆਪਣੇ ਕੰਮ ਲਗ ਗਏ। ਬਾਣੀ ਠੀਕ ਆਖਿਆ ਹੈ :

ਭਗਤਾਂ ਤੇ ਸੰਸਾਰੀਆਂ, ਜੋੜ ਕਦੇ ਨ ਆਇਆ।

:: ੦ ::

ਸਰਾਫੀ - ਸੋਨੇ ਚਾਂਦੀ ਦਾ ਕੰਮ ਕਰਨ ਵਾਲੇ।

ਪ੍ਰਸ਼ਨ

ਇਸ ਵਾਰਤਾ ਨੂੰ ਜਬਾਨੀ ਸੁਣਾਓ। ਇਸ ਤੋਂ ਕੀ ਸਿਖਿਆ ਮਿਲਦੀ ਹੈ।

Namdhari Elibrary NamdhariElibrary@gmail.com

ਬਿਨਾਂ ਬੇੜੀ ਝਨਾਂ ਪਾਰ

ਇਕ ਵੇਰ ਸਤਿਗੁਰੂ ਰਾਮ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ। ਵਾਪਸ ਮੁੜ ਮਸਤਾਨੇ ਹੋ ਗਏ ਸੰਗੀ ਸਾਥੀਆਂ ਨੂੰ ਛਡ ਇਕਲੇ ਹੀ ਮੁੜ ਆਏ, ਅਗੇ ਦਰਿਆ ਝਨਾ ਆ ਗਇਆ ਕੰਢੇ ਤੇ ਬੇੜੀ ਤਿਆਰ ਸੀ। ਮਲਾਹ ਬੇੜੀ ਭਰ ਚੁਕਾ ਸੀ। ਗੁਰੂ ਜੀ ਕਹਿਆ, ਭਲਿਆ ਲੋਕਾ ! ਅਸਾਂ ਵੀ ਪਾਰ ਜਾਣਾ ਹੈ। ਬੇੜੀ ਨੂੰ ਰੋਕ ਲੈ ਮਲਾਹ ਸਤਿਗੁਰਾਂ ਨੂੰ ਕਮਲਾ ਰਮਲਾ ਜਾਣ ਕਹਿਣ ਲਗਾ ਮਸਤਾਨਿਆ ਤੂੰ ਠਹਿਰ ਤੈਨੂੰ ਦੂਜੀ ਵਾਰ ਪਾਰ ਲੈ ਜਾਵਾਂਗਾ। ਸਤਿਗੁਰੂ ਜੀ ਮੌਜ ਵਿਚ ਸਨ। ਕਹਿਣ ਲਗੇ : 'ਅਸੀਂ ਤੈਥੋਂ ਪਹਿਲੋਂ ਜਾਵਾਂਗੇ। ਇਕ ਰੁਖ ਦੀ ਟਾਹਣੀ ਤੋੜ ਲਈ ਤੇ ਪਾਣੀ ਤੇ ਮਾਰੀ ਤੇ ਮੁਖੋਂ ਬਚਨ ਕੀਤਾ ਵਰਨ ਦੇਵ। ਅਸੀਂ ਪਾਰ ਜਾਣਾ ਹੈ।' ਇਤਨਾ ਕਹਿ ਪਾਣੀ ਵਿਚ ਚਰਨ ਰਖ ਦਿਤੇ ਤੇ ਤੁਰ ਪਏ। ਬਸ। ਪਾਣੀ ਦਾ ਡਲ ਧਰਤੀ ਦਾ ਡਲ ਬਣ ਗਿਆ। ਸਤਿਗੁਰੂ ਜੀ ਉਪਰ ਜਾ ਰਹੇ ਸਨ ਜਲ ਹੇਠ ਸੀ। ਬੇੜੀ ਦਾ ਮਲਾਹ ਤੇ ਪੂਰ ਹਕੇ ਬਕੇ ਸਨ ਮਨ ਚ ਕਹਿ ਰਿਹਾ ਸੀ, ਇਹ ਤਾਂ ਆਪ ਅੱਲਾ ਹੈ! ਇਹਨੂੰ ਨਾਰਾਜ ਕਿਉਂ ਕੀਤਾ। ਬੇੜੀ ਅਧ ਵਿਚਾਲੇ ਸੀ ਤੇ ਸਤਿਗੁਰੂ ਜੀ ਪਾਰ ਜਾ ਚੁਕੇ ਸਨ। ਦੂਜੇ ਬੰਨੇ ਦੇ ਮੁਸਾਫਰਾਂ ਨੇ ਚਰਨਾਂ ਤੇ ਸੀਸ ਰਖ ਖੁਸ਼ੀਆਂ ਲਈਆਂ ਤੇ ਸਤਿਗੁਰੂ ਜੀ ਅਗੇ ਨਿਕਲ ਗਏ।

.: o :.

Namdhari Elibrary NamdhariElibrary@gmail.com

ਮਲਾਹ - ਬੇੜੀ ਚਲਾਣ ਵਾਲਾ।

ਵਰਨ ਦੇਵ - ਪਾਣੀ ਦਾ ਦੇਵਤਾ।

ਪੂਰ - ਬੇੜੀ ਦੇ ਸਵਾਰ।

ਹਕੇ ਬਕੇ - ਹੈਰਾਨ।

ਪ੍ਰਸ਼ਨ

ਬੇੜੀ ਦਾ ਮਲਾਹ ਤੇ ਪੂਰ ਹਕੇ-ਬਕੇ ਕਿਉਂ ਹੋਏ।

ਸਤਿਗੁਰਾਂ ਦਰਿਆ ਕਿਸ ਤਰਾਂ ਪਾਰ ਕੀਤਾ।

Namdhari Elibrary NamdhariElibrary@gmail.com

ਨਿਹੰਗ ਦੇ ਵਲ ਕਢਣੇ

ਚੀਨੀ ਵਾਲੇ ਪਾਤਸ਼ਾਹ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਨੂੰ ਤਾਰ ਰਹੇ ਸਨ । ਬੜਾ ਭਾਰੀ ਦੀਵਾਨ ਲਗਾ ਹੋਇਆ ਸੀ। ਮਸਤਾਨਿਆਂ ਦੀਆਂ 'ਕੂਕਾਂ' ਖਿਚਾਂ ਪਾ ਰਹੀਆਂ ਸਨ । ਇਕ ਈਰਖਾਲੂ ਨਿਹੰਗ ਸੜਿਆ ਬਲਿਆ ਆਇਆ ਤੇ ਵਿੰਗੀ-ਟੇਡੀ ਲਕੜੀ ਦੀਵਾਨ ਵਿਚ ਲਿਆ ਸੁਟੀ ਤੇ ਮੂੰਹੋਂ ਆਖਿਆ : "ਲੈ ਤਰਖਾਣਾ ! ਮੇਰੀ ਲਕੜੀ ਸਿਧੀ ਕਰ ਦੇਹ ।, ਨਿਹੰਗ ਸਿੰਘ ਦਾ ਇਤਨਾ ਰੁੱਖਾ ਬੋਲ ਸੁਣ ਸੰਗਤਾਂ ਨੂੰ ਬੀਰ-ਰਸ ਚੜ੍ਹ ਗਿਆ ਮਗਰ ਸਤਿਗੁਰਾਂ ਸਭ ਨੂੰ ਸ਼ਾਂਤ ਕਰ ਦਿਤਾ। ਵਿੰਗੀ ਲਕੜੀ ਹਥ ਵਿਚ ਫੜ ਲਈ, ਉਪਰ ਹਥ ਫੇਰਨਾ ਸ਼ੁਰੂ ਕਰ ਦਿਤਾ । ਗ਼ੀਬ ਨਿਵਾਜ ਜਿਉਂ ਜਿਉਂ ਹਥ ਫੇਰਦੇ ਗਏ । ਵਿੰਗੀ ਲਕੜੀ ਸਿਧੀ ਹੁੰਦੀ ਗਈ ਤੇ ਅੰਮ੍ਰਿਤ ਡਲ੍ਹਕਦੇ ਨੇਤਰਾਂ ਨਾਲ ਨਿਹੰਗ ਸਿੰਘ ਵਲ ਤਕਿਆ । ਸਹਿਦ ਨਾਲੋਂ ਮਿਠੇ ਬਚਨਾਂ ਨਾਲ ਕਹਿਆ : 'ਸਿੰਘ ਸਾਹਿਬ ! ਮੈਂ ਤਾਂ ਆਇਆ ਹੀ ਲੋਕਾਂ ਦੇ ਵਲ ਕਢਣ ਹਾਂ। ਇੰਨੇ ਸ਼ਬਦ ਮੁਖਾਰਬਿੰਦ ਤੋਂ ਨਿਕਲਣੇ ਹੀ ਸਨ ਕਿ ਨਿਹੰਗ ਸਿੰਘ ਵੈਰਾਗੀ ਹੋ ਗਿਆ, ਧਰਤੀ ਤੇ ਲੇਟਣ ਲਗ ਪਇਆ। ਦੁਮਾਲਾ ਔਹ ਜਾ ਪਿਆ ਚਕਰ ਰਿੜ੍ਹਣ ਲਗ ਪਏ । ਦੀਵਾਨ ਵਿਚ ਮਸਤੀ ਛਾ ਗਈ ਜਦ ਸੁਰਤ ਹੇਠਾਂ ਉਤਰੀ ਤਾਂ ਹਥ ਜੋੜ ਖੜਾ ਹੋ ਗਿਆ ਤੇ ਭੁਲ

Namdhari Elibrary NamdhariElibrary@gmail.com

ਬਖਸ਼ਾਉਣ ਲਗਾ ਅਰਜ ਕੀਤੀ : ਹੇ ਦੀਨ ਦਿਆਲ ! ਮੈਨੂੰ ਭੁਲੜ ਨੂੰ ਬਖਸ਼ੋ । ਮੈਨੂੰ ਕੁਰਾਹੇ ਜਾਂਦਿਆਂ ਨੂੰ ਰਾਹੇ ਪਾਓ। ਬਖਸ ! ਬਖਸ਼ !! ਬਖਸ਼ !!! ਸਤਿਗੁਰਾਂ ਨਾਮ ਦੇ ਜਹਾਜ ਤੇ ਚੜ੍ਹਾ ਕੇ ਬੇੜਾ ਪਾਰ ਕਰ ਦਿਤਾ।

-: o :-

ਈਰਖਾਲੂ - ਈਰਖਾ ਕਰਨ ਵਾਲਾ ।
ਰੁੱਖਾ - ਨਾ ਸੁਖਾਵਾਂ।
ਬੀਰ ਰਸ - ਜੋਸ਼ ।
ਸ਼ਾਂਤ - ਠੰਢਿਆਂ ।
ਨੇਤਰਾਂ - ਅੱਖਾਂ।
ਵਲ ਕਢਣਾ - ਸਿਧਾ ਕਰਨਾ।
ਮੁਖਾਰਬਿੰਦ - ਮੁਖ ।

ਪ੍ਰਸ਼ਨ

(੧) ਨਿਹੰਗ ਸਤਿਗੁਰਾਂ ਨੂੰ ਕੀ ਕਹਿਆ।
(੨) ਸੰਗਤਾਂ ਨੂੰ ਬੀਰ ਰਸ ਕਿਉਂ ਚੜ੍ਹਿਆ।
(੩) ਨਿਹੰਗ ਸਿੰਘ ਬੈਰਾਗੀ ਕਿਉਂ ਹੋਇਆ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਬਾਲਕੋ ! ਤੁਸੀਂ ਸਦਾ ਉਨ੍ਹਾਂ ਧਰਮੀ, ਦਾਨੀ, ਸੂਰਮੇ ਮਹਾਂ-ਪੁਰਸ਼ਾਂ ਨੂੰ ਯਾਦ ਰਖੋ, ਜਿਨ੍ਹਾਂ ਦੇਸ਼ ਤੇ ਧਰਮ-ਹਿਤ ਜਾਨਾਂ ਵਾਰੀਆਂ, ਅਤੇ ਡਿਗਿਆਂ ਨੂੰ ਉਠਾਉਣ-ਹਿਤ ਸਦਾ ਵਧ ਚੜ੍ਹ ਬਲ ਲਾਉਂਦੇ ਰਹੇ ।

Namdhari Elibrary NamdhariElibrary@gmail.com

ਧੰਨਵਾਦ

ਚੀਨੀ ਵਾਲੇ ਹੇ ਕਰਤਾਰ ।
ਗੁਣ ਹਨ ਤੇਰੇ ਬੇ ਸ਼ਮਾਰ ।

ਥਾਂ ਬਾਂ ਤੇਰੇ ਭਰੇ ਭੰਡਾਰੇ ।
ਜੁਗਾਂ ਜੁਗਾਂ ਤੋਂ ਖਾ ਰਹੇ ਸਾਰੇ ।

ਕੰਗਲਿਆ ਨੂੰ ਦੇਵੇ ਸ਼ਾਹੀ ।
ਬਖਸ਼ੇ ਵਡੇ ਵਡੇ ਗੁਨਾਹੀ ।

ਦਾਸਾਂ ਰਖਿਆ ਕਰੇ ਜੁਗਾਦ ।
ਤੇਰਾ ਕੋਟ ਕੋਟ ਧੰਠਵਾਦ ।

Namdhari Elibrary NamdhariElibrary@gmail.com